ਰੋਜ਼ਾਨਾ ਲੋਕ ਬਾਣੀ
ਸੱਚ ਤੇ ਨਿਡਰ ਆਵਾਜ਼
ਐਤਵਾਰ, 8 ਅਗਸਤ 2021

dailylokbani
Email : lokbani08@gmail.com

# ਸੰਡੇ ਸਪੈਸ਼ਲ



**ਗਰਮੀਆਂ** 'ਚ ਸਰੀਰ ਨੂੰ ਹਾਈਡਰੇਟ ਰੱਖਣਾ ਬਹੁਤ ਜਰੂਰੀ ਹੁੰਦਾ ਹੈ। ਇਸਦੇ ਲਈ ਵੱਧ ਤੋਂ ਵੱਧ ਪਾਣੀ ਪੀਣ ਦੀ ਸਲਾਹ ਦਿੱਤੀ ਜਾਂਦੀ ਹੈ। ਪਰ ਤੁਸੀਂ ਠੰਡੀ-ਠੰਡੀ ਲੱਸੀ ਵੀ ਪੀ ਸਕਦੇ ਹੋ। ਦਹੀਂ ਤੋਂ ਤਿਆਰ ਲੱਸੀ ਵਿਟਾਮਿਨ, ਕੈਲਸੀਅਮ, ਪੋਟਾਸੀਅਮ, ਫਾਸਫੋਰਸ, ਐਂਟੀ-ਬੈਕਟਰੀਅਲ, ਐਂਟੀ-ਵਾਇਰਲ ਆਦਿ ਗੁਣਾਂ ਨਾਲ ਭਰਪੂਰ ਹੁੰਦੀ ਹੈ। ਇਸ ਦੇ ਸੇਵਨ ਨਾਲ ਸਰੀਰ ਹਾਈਡਰੇਟਡ ਹੋਣ ਦੇ ਨਾਲ ਦਿਨ ਭਰ ਫਰੈਸ਼ ਰਹੇਗਾ। ਸਰੀਰ ਦੀ ਗਰਮੀ ਦੂਰ ਹੋ ਕੇ ਠੰਡਕ ਮਹਿਸੂਸ ਹੋਵੇਗੀ। ਤੁਸੀਂ ਸਿੰਪਲ ਦੀ ਥਾਂ 'ਤੇ ਗੁਲਾਬ, ਗੁਲਕੰਦ, ਫਰੂਟਸ ਆਦਿ ਦੀ ਲੱਸੀ ਬਣਾ ਸਕਦੇ ਹੋ। ਅਜਿਹੇ 'ਚ ਇਹ ਟੇਸਟੀ ਹੋਣ ਨਾਲ ਬੱਚੇ ਵੀ ਇਸ ਨੂੰ ਅਸਾਨੀ ਨਾਲ ਪੀ ਲੈਣਗੇ। ਲੱਸੀ ਨੂੰ ਸਵੇਰੇ ਨਾਸਤੇ ਅਤੇ ਲੰਚ ਤੋਂ ਬਾਅਦ ਪੀਣਾ ਬੈਸਟ ਮੰਨਿਆ ਜਾਂਦਾ ਹੈ।

ਤਾਂ ਆਓ ਜਾਣਦੇ ਹਾਂ ਲੱਸੀ ਪੀਣ ਦੇ ਸਾਨਦਾਰ ਫਾਇਦਿਆਂ ਬਾਰੇ

ਡੀਹਾਈਡਰੇਸਨ ਤੋਂ ਬਚਾਅ : ਰੋਜ਼ਾਨਾ 1 ਗਲਾਸ ਲੱਸੀ ਪੀਣ ਨਾਲ ਸਰੀਰ 'ਚ ਪਾਣੀ ਦੀ ਕਮੀ ਪੂਰੀ ਹੁੰਦੀ ਹੈ। ਅਜਿਹੇ 'ਚ ਡੀਹਾਈਡਰੇਸਨ ਦੀ ਸਮੱਸਿਆ ਤੋਂ ਬਚਾਅ ਰਹਿੰਦਾ ਹੈ। ਲੱਸੀ 'ਚ ਪੋਟਾਸੀਅਮ ਹੋਣ ਨਾਲ ਬਲੱਡ ਪ੍ਰੈਸਰ ਨੂੰ ਕੰਟਰੋਲ 'ਚ ਰੱਖਣ 'ਚ ਮਦਦ ਮਿਲਦੀ ਹੈ।



ਅਜਿਹੇ 'ਚ ਇਸ ਨਾਲ ਦਿਲ ਸਿਹਤਮੰਦ ਰਹਿੰਦਾ ਹੈ। ਨਾਲ ਹੀ ਇਸ ਨਾਲ ਸਬੰਧਤ ਬਿਮਾਰੀਆਂ ਹੋਣ ਦਾ ਖਤਰਾ ਰਹਿੰਦਾ ਹੈ। ਅਜਿਹੇ 'ਚ ਹਾਈ ਬਲੱਡ ਪ੍ਰੈਸਰ ਦੇ ਮਰੀਜਾਂ ਨੂੰ ਇਸ ਦਾ ਸੇਵਨ ਰੋਜਾਨਾ ਕਰਨਾ ਚਾਹੀਦਾ ਹੈ।

ਇਮਿਊਨਿਟੀ ਵਧਾਵੇ: ਦਹੀਂ 'ਚ ਲੈਕਟਿਕ ਐਸਿਡ ਅਤੇ ਪ੍ਰੋਬਾਇਓਟਿਕਸ ਗੁਣ ਹੁੰਦੇ ਹਨ। ਅਜਿਹੇ 'ਚ ਇਸ ਤੋਂ ਤਿਆਰ ਲੱਸੀ ਪੀਣ ਨਾਲ ਇਮਿਊਨਿਟੀ ਵਧਾਉਣ 'ਚ ਮਦਦ ਮਿਲਦੀ ਹੈ। ਨਾਲ ਹੀ ਲੱਸੀ ਪੀਣ ਨਾਲ ਸਰੀਰ ਨੂੰ ਬੈਕਟੀਰੀਆ ਵਿਰੁੱਧ ਲੜਨ ਦੀ ਸ਼ਕਤੀ ਵੱਧ ਜਾਂਦੀ ਹੈ। ਖਾਸ ਤੌਰ 'ਤੇ ਕੋਰੋਨਾ ਕਾਲ 'ਚ ਇਸ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ। ਗਰਮੀਆਂ 'ਚ ਜ਼ਿਆਦਾ ਮਸਾਲੇਦਾਰ ਅਤੇ ਤਲਿਆ ਹੋਇਆ ਖਾਣ ਨਾਲ ਪਾਚਨ ਸਕਤੀ ਹੌਲੀ ਹੋ ਜਾਂਦੀ ਹੈ। ਅਜਿਹੇ 'ਚ ਰੋਜ਼ਾਨਾ 1 ਗਲਾਸ ਲੱਸੀ ਪੀਣਾ ਫ਼ਾਇਦੇਮੰਦ ਹੁੰਦਾ ਹੈ। ਇਸ ਨਾਲ ਪੇਟ ਸਾਫ ਰਹਿੰਦਾ ਹੈ। ਪਾਚਨ ਤੰਤਰ ਮਜਬੂਤ ਹੋਣ ਨਾਲ ਇਸ ਨਾਲ ਜੁੜੀਆਂ ਪ੍ਰੇਸਾਨੀਆਂ ਤੋਂ ਛੁਟਕਾਰਾ ਮਿਲਦਾ ਹੈ। ਗਰਮੀਆਂ 'ਚ ਠੰਡੀ-ਠੰਡੀ ਲੱਸੀ ਪੀਣ ਨਾਲ ਗੈਸ, ਕਬਜ ਅਤੇ ਪੇਟ ਦੀਆਂ ਹੋਰ ਸਮੱਸਿਆਵਾਂ ਤੋਂ ਛੁਟਕਾਰਾ ਮਿਲਦਾ ਹੈ। ਨਾਲ ਹੀ ਪੇਟ ਦੀ ਜਲਣ ਸ਼ਾਂਤ ਹੋ ਕੇ ਠੰਡਕ ਦਾ ਅਹਿਸਾਸ ਹੁੰਦਾ ਹੈ। ਸਰੀਰ ਨੂੰ ਠੰਡਕ ਪਹੁੰਚਾਏ: ਇਸ ਦੇ ਸੇਵਨ ਨਾਲ ਸਰੀਰ ਨੂੰ ਠੰਡਕ ਮਿਲਦੀ ਹੈ। ਇਸ ਲਈ ਗਰਮੀਆਂ 'ਚ ਖਾਸ ਤੌਰ 'ਤੇ ਲੱਸੀ ਦਾ ਸੇਵਨ ਕਰੋ। ਅੱਜ ਦੇ ਸਮੇਂ 'ਚ ਹਰ ਦੂਸਰਾ

## ਠੰਡੀ-ਠੰਡੀ ਲੱਸੀ ਪੀਣੀ ਕਿਉਂ ਜ਼ਰੂਰੀ

ਵਿਅਕਤੀ ਤਣਾਅ 'ਚ ਘਿਰਿਆ ਹੋਇਆ ਹੈ। ਅਜਿਹੇ 'ਚ ਇਸ ਸਮੇਂ ਲੱਸੀ ਦਾ ਸੇਵਨ ਕਰਨਾ ਬਹੁਤ ਲਾਭਕਾਰੀ ਹੋਵੇਗਾ। ਇਸ 'ਚ ਮੌਜੂਦ ਪੋਸਕ ਤੱਤ ਅਤੇ ਐਂਟੀ-ਆਕਸੀਡੈਂਟ ਤਣਾਅ ਨੂੰ ਘਟਾਉਣ 'ਚ ਮਦਦ ਕਰਦੇ ਹਨ। ਲੱਸੀ ਦਹੀਂ ਤੋਂ ਬਣਦੀ ਹੈ। ਉੱਥੇ ਹੀ ਦਹੀਂ ਲੋਅ ਫੈਟ ਮੰਨਿਆ ਜਾਂਦਾ ਹੈ। ਨਾਲ ਹੀ ਲੱਸੀ 'ਚ ਜਆਿਦਾ ਪ੍ਰੋਟੀਨ ਹੋਣ ਨਾਲ ਇਹ ਭਾਰ ਨੂੰ ਕੰਟਰੋਲ 'ਚ ਰੱਖਦੀ ਹੈ। ਇਸ ਦੇ ਸੇਵਨ ਨਾਲ ਸਰੀਰ 'ਚ ਊਰਜਾ ਦਾ ਸੰਚਾਰ ਹੁੰਦਾ ਹੈ। ਅਜਿਹੇ 'ਚ ਥਕਾਵਟ ਅਤੇ ਕਮਜੋਰੀ ਦੂਰ ਹੁੰਦੀ ਹੈ।



ਰੋਜ਼ਾਨਾ ਪੰਜਾਬੀ ਅਖ਼ਬਾਰ
'ਲੋਕ ਬਾਣੀ'
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

(ਜਲੰਧਰ)

Email : lokbani08@gmail.com

ਐਤਵਾਰ, 8 ਅਗਸਤ 2021

ਲੋਕ ਬਾਣੀ ਅਖਬਾਰ ਪੋਰਟਲ ਟੀ.ਵੀ ਤੇ ਨਵੀਆਂ ਤੇ ਤਾਜੀਆ ਖਬਰਾਂ ਦੇਖਣ ਲਈ lokbani.com ਤੇ ਜਾਉ ਤੇ ਕਰੋ ਲਾਇਕ

☛ ਹੈ ਕੋਈ ਖਬਰ ਤੁਹਾਡੇ ਸ਼ਹਿਰ ਮੁਹਲੇ ਪਿੰਡ ਦੀ ਸਾਨੂੰ ਲੋੜ ਹੈ ਪੰਜਾਬ ਦੇ ਹਰ ਕੋਨੇ ਤੋ ਉਸ ਖਬਰ ਦੀ ਜੋ ਹੋਵੇ ਸੱਚ ਜਿਸ ਨੂੰ ਅਸੀਂ ਪਹੁੰਚਾ ਸਕੀਏ ਪ੍ਰਸ਼ਾਸਨ ਤੱਕ ਤੁਰੰਤ ਹੋਵੇ ਕਾਰਵਾਈ ਸਾਡੇ ਪਤਰਕਾਰਾਂ ਨਾਲ ਜਾ ਮੁੱਖ ਦਫਤਰ ਨਾਲ ਜਲੰਧਰ

ਸੰਪਰਕ ਕਰੋ 9915594111 0181-2211009

R.N.I. Punpun/29016/2008 ✫ ਸਾਲ : 14 ✫ ਅੰਕ : 181 ✫ ਮੁੱਲ : 2.00 ਰੁਪਏ ✫ ਕੁੱਲ ਪੇਜ਼ : 10 ✫ ਫੈਕਸ : 0181-2211009 ✫ M. 99155-94111

## ਠੇਕਾ ਮੁਲਾਜਮਾ ਨੇ ਬਠਿੰਡੇ 'ਚ ਕੀਤਾ ਮਨਪ੍ਰੀਤ ਬਾਦਲ ਦਾ ਪਿਟ ਸਿਆਪਾ



**ਬਠਿੰਡਾ/ਲੋਕ ਬਾਣੀ**

ਇਥੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਖ਼ਿਲਾਫ਼ ਰੋਸ ਪ੍ਰਗਟਾਉਣ ਪਹੁੰਚੇ ਠੇਕਾ ਮੁਲਾਜ਼ਮਾਂ ਦੀ ਧੂਹ-ਘੜੀਸ ਮਗਰੋਂ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮੁਲਾਜ਼ਮਾਂ ਨਾਲ ਉਨ੍ਹਾਂ ਦੇ ਪਰਿਵਾਰ ਮੈਂਬਰ ਵੀ ਵਿਖਾਵੇ ਲਈ ਪੁੱਜੇ ਹੋਏ ਸਨ। ਕਰਮਚਾਰੀ ਦੋਸ਼ ਲਾ ਰਹੇ ਹਨ ਕਿ ਪੰਜਾਬ ਸਰਕਾਰ ਸੱਤਾ 'ਚ ਆਉਣ ਤੋਂ ਪਹਿਲਾਂ ਦੇ ਆਪਣੇ ਵਾਅਦੇ ਮੁਤਾਬਿਕ ਉਨ੍ਹਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਤੋਂ ਮੁਨੱਕਰ ਹੋ ਗਈ ਹੈ। ਇਸ ਲਈ ਉਹ ਮਜ਼ਬੂਰੀ ਵੱਸ ਸੜਕਾਂ 'ਤੇ ਨਿੱਤਰੇ ਹਨ। ਮਨਪ੍ਰੀਤ ਸਿੰਘ ਬਾਦਲ ਨੇ ਦੁਪਹਿਰ 12 ਵਜੇ ਬਰਨਾਲਾ-ਬਠਿੰਡਾ ਬਾਈਪਾਸ 'ਤੇ ਗਰੀਨ ਪੈਲੇਸ ਨੇੜੇ ਕਿਲੋਮੀਟਰ ਲੰਮਾ ਉਸਾਰੇ ਜਾਣ ਵਾਲੇ ਹਵਾਈ ਪੁਲ ਦਾ ਨੀਂਹ ਪੱਥਰ ਰੱਖਣਾ ਸੀ। ਖ਼ਜ਼ਾਨਾ ਮੰਤਰੀ ਦੀ ਆਮਦ ਦੀ ਕਨਸੋਅ ਮਿਲਣ 'ਤੇ ਠੇਕਾ ਮੁਲਾਜ਼ਮ ਸੰਘਰਸ਼ ਕਮੇਟੀ ਦੀ ਅਗਵਾਈ ਵਿਚ ਵੱਡੀ ਗਿਣਤੀ ਵਿਚ ਠੇਕਾ ਕਰਮਚਾਰੀਆਂ ਨੇ ਪਰਿਵਾਰਾਂ ਸਮੇਤ ਕਾਫ਼ਲੇ ਦੇ ਰੂਪ 'ਚ ਪ੍ਰੋਗਰਾਮ ਵਾਲੀ ਥਾਂ ਵੱਲ ਵਧਣਾ ਸ਼ੁਰੂ ਕਰ ਦਿੱਤਾ।

### ਭਾਰਤੀ ਰੇਲਵੇ ਦਾ ਗ੍ਰੀਨ ਐਨਰਜੀ ਵੱਲ ਇੱਕ ਹੋਰ ਵੱਡਾ ਕਦਮ

## 'ਹਾਈਡ੍ਰੋਜਨ ਈਂਧਨ ਨਾਲ ਚੱਲੇਗੀ ਟਰੇਨ'



**ਨਵੀਂ ਦਿੱਲੀ/ਕਪੂਰ :** ਰੇਲਵੇ ਨੇ ਹਾਈਡ੍ਰੋਜਨ ਈਂਧਨ ਤਕਨੀਕ ਨਾਲ ਟਰੇਨ ਚਲਾਉਣ ਦੀ ਯੋਜਨਾ ਬਣਾਈ ਹੈ। ਰੇਲਵੇ ਦੀ ਇਸ ਯੋਜਨਾ ਦਾ ਉਦੇਸ਼ ਖੁਦ ਨੂੰ ਗ੍ਰੀਨ ਟ੍ਰਾਂਸਪੋਰਟ ਸਿਸਟਮ ਦੇ ਰੂਪ 'ਚ ਤਬਦੀਲ ਕਰਨਾ ਹੈ। ਇਸ ਦੇ ਲਈ ਨਿੱਜੀ ਸਾਂਝੇਦਾਰਾਂ ਨੂੰ ਜੋੜਨ ਲਈ ਟੈਂਡਰਾਂ ਦੀ ਮੰਗ ਕੀਤੀ ਗਈ ਹੈ। ਸਰਕਾਰੀ ਬਿਆਨ ਮੁਤਾਬਕ ਇੰਡੀਅਨ ਰੇਲਵੇ ਆਰਗਨਾਈਜੇਸ਼ਨ ਆਫ ਅਲਰਨੇਟ ਫਿਊਲ (ਆਈ.ਆਰ.ਓ.ਏ.ਐੱਫ.) ਨੇ ਉੱਤਰ ਰੇਲਵੇ ਦੇ 89 ਕਿਮੀ ਸੋਨੀਪਤ-ਜੀਂਦ ਸੈਕਸ਼ਨ 'ਚ ਇਕ ਡੀਜਲ ਇਲੈਕਟ੍ਰਿਕਲ ਮਲਟੀਪਲ ਯੂਨਿਟ (ਡੀ.ਈ.ਐੱਮ.ਯੂ.) ਨੂੰ ਰੇਟ੍ਰੋਫਿਟਿੰਗ ਕਰ ਕੇ ਹਾਈਡ੍ਰੋਜਨ ਫਿਊਲ ਆਧਾਰਿਤ ਤਕਨੀਕ ਦੇ ਵਿਕਾਸ ਲਈ ਬੋਲੀ ਮੰਗੀ ਹੈ। ਮੌਜੂਦਾ ਸਮੇਂ 'ਚ ਦੁਨੀਆ ਦੇ ਕਈ ਦੇਸ਼ਾਂ 'ਚ ਇਸ ਤਕਨੀਕ ਦੀ ਬੈਟਰੀ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਜਰਮਨੀ 'ਚ ਵੀ ਇਸ ਨਾਲ ਟਰੇਨ ਵੀ ਚੱਲ ਰਹੀ ਹੈ।

# ਨੀਰਜ ਚੋਪੜਾ ਨੇ

## ਸੋਨ ਤਗਮਾ ਜਿੱਤ ਕੇ ਪਾਇਆ ਭਾਰਤ ਦੀ ਝੋਲੀ



### ➢ ਦੇਸ਼ ਵਿੱਚ ਖੁਸ਼ੀ ਦੀ ਲਹਿਰ

**ਟੋਕੀਓ/ਲੋਕ ਬਾਣੀ**

ਇਥੇ ਭਾਰਤ ਦੇ ਨੀਰਜ ਚੋਪੜਾ ਨੇ ਟੋਕੀਓ ਓਲੰਪਿਕਸ ਵਿੱਚ ਪੁਰਸ਼ਾਂ ਦੇ ਜੈਵੇਲਿਨ ਥ੍ਰੋਅ ਫਾਈਨਲ ਵਿੱਚ ਸੋਨ ਤਗਮਾ ਜਿੱਤ ਲਿਆ। ਉਸ ਨੇ 87.58 ਮੀਟਰ ਜੈਵੇਲਿਨ ਸੁੱਟ ਕੇ ਭਾਰਤ ਨੂੰ ਇਨ੍ਹਾਂ ਖੇਡਾਂ ਵਿੱਚ ਪਹਿਲਾ ਸੋਨ ਤਗਮਾ ਜਿਤਾਇਆ। ਭਾਰਤ ਨੇ ਓਲੰਪਿਕਸ ਅੰਦਰ ਅਥਲੈਟਿਕਸ ਵਿੱਚ ਪਹਿਲੀ ਵਾਰ ਸੋਨ ਤਗਮਾ ਜਿੱਤਿਆ ਹੈ। ਨੀਰਜ ਭਾਰਤ ਵੱਲੋਂ ਵਿਅਕਤੀਗਤ ਸੋਨ ਤਗਮਾ ਜਿੱਤਣ ਵਾਲਾ ਦੂਜਾ ਭਾਰਤੀ ਹੈ। ਉਸ ਤੋਂ ਪਹਿਲਾਂ ਨਿਸ਼ਾਨੇਬਾਜ ਅਭਿਨਵ ਬਿੰਦਰਾ ਨੇ ਪੇਈਚਿੰਗ ਓਲੰਪਿਕਸ-2008 ਵਿੱਚ ਸੋਨ ਤਗਮਾ ਜਿੱਤਿਆ ਸੀ। ਇਸ ਸੋਨ ਤਗਮੇ ਨਾਲ ਭਾਰਤ ਦਾ ਓਲੰਪਿਕਸ ਖੇਡਾਂ ਵਿੱਚ ਹੁਣ ਤੱਕ ਦਾ ਇਹ ਸਭ ਤੋਂ ਸ਼ਾਨਦਾਰ ਪ੍ਰਦਰਸ਼ਨ ਹੈ। ਭਾਰਤ ਨੇ ਇਸ ਤੋਂ ਪਹਿਲਾਂ ਕਦੇ ਵੀ ਐਨੇ ਤਗਮੇ ਓਲੰਪਿਕਸ ਵਿੱਚ ਨਹੀਂ ਜਿੱਤੇ। ਭਾਰਤ ਹੁਣ ਤੱਕ ਟੋਕੀਓ ਓਲੰਪਿਕਸ ਵਿੱਚ ਇਕ ਸੋਨ, ਦੋ ਚਾਂਦੀ ਤੇ ਚਾਰ ਕਾਂਸੀ ਸਣੇ ਕੁੱਲ 7 ਤਗਮੇ ਜਿੱਤ ਚੁੱਕਿਆ ਹੈ।

## ਮਮਤਾ ਨੇ ਬਿਜਲੀ ਸੋਧ ਬਿੱਲ ਦੇ ਵਿਰੋਧ ਵਿਚ ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ

**ਨਵੀਂ ਦਿੱਲੀ/ਕਪੂਰ**

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੰਸਦ ਵਿੱਚ ਬਿਜਲੀ (ਸੋਧ) ਬਿੱਲ 2020 ਪੇਸ਼ ਕਰਨ ਸਬੰਧੀ ਕੇਂਦਰ ਸਰਕਾਰ ਦਾ ਵਿਰੋਧ ਕੀਤਾ ਹੈ। ਉਨ੍ਹਾਂ ਇਸ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਵੀ ਭੇਜਿਆ ਹੈ। ਪੱਤਰ ਵਿੱਚ ਉਨ੍ਹਾਂ ਕਿਹਾ ਕਿ ਇਹ ਸੁਣ ਕੇ ਹੈਰਾਨੀ ਹੈ ਕਿ ਕੇਂਦਰ ਉਨ੍ਹਾਂ ਦੇ ਇਤਰਾਜਾਂ 'ਤੇ ਵਿਚਾਰ ਕੀਤੇ ਬਗੈਰ ਲੋਕ ਵਿਰੋਧੀ ਬਿਜਲੀ (ਸੋਧ) ਬਿੱਲ 2020 ਮੁੜ ਲਿਆ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਬਿੱਲ ਉਪਰ ਉਹ ਸਾਰੀਆਂ ਸਬੰਧਤ ਧਿਰਾਂ ਨਾਲ ਖੁੱਲ੍ਹੀ ਚਰਚਾ ਯਕੀਨੀ ਬਣਾਉਣ।

## ਥਾਈਲੈਂਡ 'ਚ ਸਰਕਾਰ ਵਿਰੋਧੀ ਪ੍ਰਦਰਸ਼ਨ ਦੌਰਾਨ ਲੋਕਾਂ ਤੇ ਪੁਲਿਸ 'ਚ ਝੜਪ



**ਬੈਂਕਾਕ/ਲੋਕ ਬਾਣੀ :** ਥਾਈਲੈਂਡ 'ਚ ਪ੍ਰਧਾਨ ਮੰਤਰੀ ਪ੍ਰਯੁਤ ਚਾਨ ਓਚਾ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਲੋਕਾਂ 'ਤੇ ਸ਼ਨੀਵਾਰ ਨੂੰ ਪੁਲਸ ਨੇ ਪਾਣੀ ਦੀਆਂ ਵਾਛੜਾਂ ਅਤੇ ਹੰਝੂ ਗੈਸ ਦੇ ਗੋਲੇ ਛੱਡੇ। ਪ੍ਰਦਰਸ਼ਨਕਾਰੀਆਂ ਦੀ ਭੀੜ ਨੂੰ ਭਜਾਉਣ ਲਈ ਪੁਲਸ ਨੇ ਉਨ੍ਹਾਂ 'ਤੇ ਰਬੜ ਦੀਆਂ ਗੋਲੀਆਂ ਵੀ ਚਲਾਈਆਂ। ਪ੍ਰਦਰਸ਼ਨਕਾਰੀਆਂ ਨੇ ਪ੍ਰਧਾਨ ਮੰਤਰੀ ਦੀ ਰਿਹਾਇਸ਼ ਵੱਲ ਮੋਰਚਾ ਕੀਤਾ। ਰਾਜਧਾਨੀ ਬੈਂਕਾਕ ਦੇ ਡੋਂਗ ਇਲਾਕੇ 'ਚ ਪੁਲਸ ਅਤੇ ਪ੍ਰਦਰਸ਼ਨਕਾਰੀਆਂ ਦਰਮਿਆਨ ਕਈ ਘੰਟਿਆਂ ਤੱਕ ਚੱਲੇ ਸੰਘਰਸ਼ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਪੱਥਰਾਂ ਅਤੇ ਬੋਤਲਾਂ ਸੁੱਟੀਆਂ। ਇਸ ਵਿਰੋਧ ਪ੍ਰਦਰਸ਼ਨ ਦੀ ਅਗਵਾਈ 'ਫ੍ਰੀ ਯੂਥ' ਨਾਂ ਦੇ ਇਕ ਵਿਦਿਆਰਥੀ ਸੰਗਠਨ ਨੇ ਕੀਤੀ ਜਿਸ ਨੇ ਪਿਛਲੇ ਸਾਲ ਪ੍ਰਦਰਸ਼ਨ ਦੌਰਾਨ ਵੱਡੀ ਗਿਣਤੀ 'ਚ ਲੋਕਾਂ ਨੂੰ ਇਕੱਠੇ ਕਰ ਲਿਆ ਸੀ। ਥਾਈਲੈਂਡ 'ਚ ਕੋਵਿਡ-19 ਦੀ ਚੁਣੌਤੀ ਨਾਲ ਨਜਿੱਠਣ 'ਚ ਸਰਕਾਰ ਦੀ ਕਥਿਤ ਅਸਫਲਤਾ ਨੂੰ ਲੈ ਕੇ ਪ੍ਰਦਰਸ਼ਨਕਾਰੀ ਪ੍ਰਧਾਨ ਮੰਤਰੀ ਪ੍ਰਯੁਤ ਦੇ ਅਸਤੀਫੇ ਦੇ ਮੰਗ ਕਰ ਰਹੇ ਹਨ। ਥਾਈਲੈਂਡ 'ਚ ਹਾਲ ਹੀ ਦੇ ਸਮੇਂ 'ਚ ਕੋਵਿਡ-19 ਦੇ ਮਾਮਲਿਆਂ 'ਚ ਵਾਧਾ ਹੋਇਆ ਹੈ। ਦੇਸ਼ 'ਚ ਟੀਕਾਕਾਰਨ ਪ੍ਰੋਗਰਾਮ ਨੂੰ ਲੈ ਕੇ ਵੀ ਪ੍ਰਧਾਨ ਮੰਤਰੀ ਆਲੋਚਨਾ ਦਾ ਸਾਹਮਣਾ ਕਰ ਰਹੇ ਹਨ।

## ਮੁੰਬਈ ਵਿਚ ਅਣਪਛਾਤੇ ਫੋਨ ਨੇ ਕੀਤਾ ਪੁਲਿਸ ਦਾ ਸਾਹ ਔਖਾ



**ਮੁੰਬਈ/ਲੋਕ ਬਾਣੀ :** ਮੁੰਬਈ ਦੇ ਤਿੰਨ ਵੱਡੇ ਰੇਲਵੇ ਸਟੇਸਨਾਂ ਅਤੇ ਅਭਿਨੇਤਾ ਅਮਿਤਾਭ ਬੱਚਨ ਦੇ ਬੰਗਲੇ ਵਿੱਚ ਬੰਬ ਰੱਖਣ ਬਾਰੇ ਅਣਪਛਾਤੇ ਵਿਅਕਤੀ ਵੱਲੋਂ ਪੁਲੀਸ ਨੂੰ ਕੀਤੇ ਫੋਨ ਤੋਂ ਬਾਅਦ ਸੁਰੱਖਿਆ ਏਜੰਸੀਆਂ ਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ। ਹਾਲਾਂਕਿ ਬਾਅਦ ਵਿੱਚ ਇਹ ਅਫਵਾਹ ਨਿਕਲੀ। ਪੁਲਿਸ ਨੇ ਠਾਣੇ ਜਿਲ੍ਹੇ ਦੇ ਦੋ ਵਿਅਕਤੀਆਂ ਨੂੰ ਇਸ ਸਬੰਧ ਵਿੱਚ ਹਿਰਾਸਤ ਵਿੱਚ ਲਿਆ ਗਿਆ ਹੈ, ਜਿਨ੍ਹਾਂ ਵਿਚੋਂ ਇਕ ਟਰੱਕ ਡਰਾਈਵਰ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸੁੱਕਰਵਾਰ ਰਾਤ ਨੂੰ ਫੋਨ ਆਇਆ ਮਿਲੀ, ਜਿਸ ਤੋਂ ਬਾਅਦ ਇਨ੍ਹਾਂ ਚਾਰ ਥਾਵਾਂ 'ਤੇ ਤਲਾਸੀ ਲਈ ਗਈ ਪਰ ਕੁਝ ਵੀ ਸੱਕੀ ਨਹੀਂ ਮਿਲਿਆ। ਪੁਲਿਸ ਅਧਿਕਾਰੀ ਨੇ ਦੱਸਿਆ, "ਮੁੰਬਈ ਪੁਲਿਸ ਦੇ ਮੁੱਖ ਕੰਟਰੋਲ ਰੂਮ ਵਿੱਚ ਸੁੱਕਰਵਾਰ ਰਾਤ ਕਰੀਬ 9:45 ਵਜੇ ਫੋਨ ਆਇਆ ਕਿ ਛਤਰਪਤੀ ਸਿਵਾਜੀ ਮਹਾਰਾਜ ਟਰਮੀਨਸ (ਸੀਐੱਸਐੱਮਟੀ), ਭਾਇਖਲਾ, ਦਾਦਰ ਰੇਲਵੇ ਸਟੇਸਨ ਅਤੇ ਅਦਾਕਾਰ ਅਮਿਤਾਭ ਬੱਚਨ ਦੇ ਜੁਹੂ ਦੇ ਬੰਗਲੇ ਵਿੱਚ ਬੰਬ ਰੱਖੇ ਗਏ ਹਨ।

## ਸੰਗਰੂਰ ਤੋਂ ਜ਼ਿਲ੍ਹਾ ਇੰਚਾਰਜ ਦੀ ਨਿਯੁਕਤੀ



ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵੱਲੋਂ **ਰਤਨ ਦੇਵ** ਨੂੰ ਜਿਲ੍ਹਾ ਸੰਗਰੂਰ ਤੋਂ ਜ਼ਿਲ੍ਹਾ ਇੰਚਾਰਜ ਨਿਯੁਕਤ ਕੀਤਾ ਜਾਂਦਾ ਹੈ। ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

8437668867

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

Website : www.lokbani.com
lokbani08@gmail.com

# ਭਾਰਤੀਯ ਨਾਰੀ ਸਵਾਭਿਮਾਨ ਹੈਲਪਲਾਈਨ ਪੰਜਾਬ ਨੇ ਮਨਾਇਆ ਤੀਆਂ ਦਾ ਤਿਉਹਾਰ



**ਜੀਰਕਪੁਰ/ਰਵੀ ਜੀਰਕਪੁਰ**

ਭਾਰਤੀਯ ਨਾਰੀ ਸਵਾਭਿਮਾਨ ਹੈਲਪਲਾਈਨ ਪੰਜਾਬ ਸਮਾਜਸੇਵੀ ਸੰਸਥਾ ਦੀਆਂ ਮੈਂਬਰਾਂ ਵੱਲੋਂ ਢਕੋਲੀ ਵਿਖੇ ਤੀਆਂ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਅਤੇ ਗਰਮ ਜੋਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਨੀਲਮ ਸਿੰਘ ਦੇ ਘਰ ਸੰਸਥਾ ਦੀ ਸੂਬਾ ਪ੍ਰਧਾਨ ਕਿੰਮੀ ਮਦਾਨ ਦੀ ਅਗਵਾਈ ਵਿੱਚ ਸੰਗੀਤਾ ਚੋਹਾਨ, ਪੂਨਮ ਰਾਣਾ, ਮੋਨਿਕਾ ਰਾਏ, ਰੀਤੂ, ਸੁਸ਼ਮਾ ਸ਼ਰਮਾ, ਨੀਲਮ ਸਿੰਘ, ਸਾਕਸ਼ੀ ਜੋਸ਼ੀ, ਭਾਵਨਾ ਚੋਧਰੀ, ਸ਼ਸ਼ੀ ਵਰਮ, ਅਨੁਰਾਧਾ, ਸਰਬਜੀਤ ਕੌਰ ਅਤੇ ਆਸ਼ਾ ਨੇ ਸੱਭਿਆਚਾਰਕ ਗੀਤ ਗਾਏ। ਇਸ ਮੌਕੇ ਸੰਸਥਾ ਦੀਆਂ ਮੈਂਬਰਾਂ ਨੇ ਬੋਲੀਆਂ ਪਾ ਪਾ ਕੇ ਸਾਰਿਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ ਅਤੇ ਸਮੁੱਚਾ ਰੰਗ ਪੰਜਾਬੀ ਸੱਭਿਆਚਾਰ ਰੰਗ ਵਿਚ ਰੰਗ ਦਿੱਤਾ। ਇਸ ਮੌਕੇ ਕਿੰਮੀ ਮਦਾਨ ਨੇ ਕਿਹਾ ਕਿ ਜੇਠ ਹਾੜ ਮਹੀਨੇ ਦੇ ਸਾੜੇ ਹੋਏ ਲੋਕਾਂ ਨੂੰ ਜਦੋਂ ਸਾਉਣ ਮਹੀਨੇ ਦੀਆਂ ਬਾਰਸ਼ਾਂ ਅੰਦਰ ਕੁਝ ਰਾਹਤ ਮਿਲਦੀ ਹੈ ਤਾਂ ਨੌਜਵਾਨ ਕੁੜੀਆਂ ਅਤੇ ਔਰਤਾਂ ਰਲ ਕੇ ਇਕੱਤਰ ਹੋ ਕੇ ਨੱਚ ਗਾ ਕੇ ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ। ਉਨ ਾਂ ਕਿਹਾ ਕਿ ਇਹ ਪੰਜਾਬੀ ਸੱਭਿਆਚਾਰ ਦਾ ਅਭਿੰਨ ਅੰਗ ਹੈ।

# ਇਲਾਜ ਵਿੱਚ ਅਣਗਹਿਲੀ ਵਰਤਣ ਅਤੇ ਜਿਆਦਾਂ ਵਸੂਲੀ ਕਰਨ ਦੇ ਦੋਸ਼ ਹੇਠ ਨਿਊ ਲਾਈਫ ਲਾਈਨ ਹਸਪਤਾਲ ਦੇ ਦੋ ਡਾਕਟਰ ਗ੍ਰਿਫਤਾਰ



**ਜੀਰਕਪੁਰ/ਰਵੀ ਜੀਰਕਪੁਰ**

ਜੀਰਕਪੁਰ ਪੁਲਿਸ ਨੇ ਕੋਰੋਨਾ ਕਾਲ ਦੌਰਾਨ ਇਲਾਜ ਵਿੱਚ ਅਣਗਹਿਲੀ ਵਰਤਣ ਅਤੇ ਇਲਾਜ ਦੇ ਵਾਧੇ ਪੈਸੇ ਵਸੂਲਣ ਦੇ ਦੋਸ਼ ਹੇਠ ਜੀਰਕਪੁਰ ਦੇ ਨਿਊ ਲਾਈਫ ਲਾਈਨ ਹਸਪਤਾਲ ਦੇ ਦੋ ਦਾਕਟਰਾਂ ਨੂੰ ਗ੍ਰਿਫਤਾਰ ਕੀਤਾ ਹੈ ਮਾਮਲੇ ਸੰਬੰਧੀ ਜਾਂਣਕਾਰੀ ਦਿੰਦੇ ਹੋਏ ਐਸਐਚਓ ਜ਼ੀਰਕਪੁਰ ਇੰਸਪੈਕਟਰ ਓਂਕਾਰ ਸਿੰਘ ਬਰਾੜ ਨੇ ਦੱਸਿਆ ਕਿ 14 ਮਈ ਨੂੰ ਪਰਮਜੀਤ ਸਿੰਘ ਪੁੱਤਰ ਹਰਮਿੰਦਰ ਸਿੰਘ ਵਾਸੀ ਨੋਇਡਾ ਦੀ ਉਕਤ ਹਸਪਤਾਲ ਵਿਖੇ ਇਲਾਜ ਦੇ ਦੌਰਾਨ ਮੌਤ ਹੋ ਗਈ ਸੀ ਅਤੇ ਪਰਮਜੀਤ ਸਿੰਘ ਦੇ

## ਪੁਲਿਸ ਨੇ ਮਈ ਮਹੀਨੇ ਵਿੱਚ ਕੀਤਾ ਸੀ ਮਾਮਲਾ ਦਰਜ

ਵਾਰਸਾਂ ਵੱਲੋਂ ਹਸਪਤਾਲ ਦੇ ਡਾਕਟਰ ਮਨੀਸ਼ ਗੋਇਲ ਅਤੇ ਸਟਾਫ ਖਿਲਾਫ਼ ਉਸਦੇ ਇਲਾਜ ਵਿਚ ਅਣਗਹਿਲੀ ਵਰਤਣ ਦੇ ਦੋਸ਼ ਲਗਾਏ ਗਏ ਸਨ । ਉਨ ਾਂ ਨੇ ਦੱਸਿਆ ਕਿ ਚੰਡੀਗੜ ਬੈਰੀਅਰ ਤੇ ਸਥਿਤ ਨਿਊ ਲਾਈਫ ਲਾਈਨ ਹਸਪਤਾਲ ਖ਼ਿਲਾਫ਼ ਡੀਸੀ ਮੋਹਾਲੀ ਨੂੰ ਹੋਰ ਵੀ ਕਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਜਿਸ ਸਬੰਧੀ ਡੀਸੀ ਮੋਹਾਲੀ ਵੱਲੋਂ ਇਕ ਜਾਂਚ ਕਮੇਟੀ ਬਣਾਈ ਗਈ ਸੀ ਜਿਸ ਦੀ ਜਾਂਚ ਵਿੱਚ ਨਿਊ ਲਾਈਫ ਲਾਈਨ ਹਸਪਤਾਲ ਸੂਬਾ ਸਰਕਾਰ ਵੱਲੋਂ ਜਾਰੀ ਕੀਤੇ ਗਏ ਮੈਡੀਕਲ ਪ੍ਰੋਟੋਕਾਲ ਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦਾ ਪਾਇਆ ਗਿਆ ਸੀ ਪੁਲਿਸ ਨੇ ਜਾਂਚ ਦੀ ਰਿਪੋਰਟ ਦੇ ਅਧਾਰ ਤੇ ਹਸਪਤਾਲ ਦੇ ਪ੍ਰਬੰਧਕ ਡਾ. ਮਨੀਸ਼ ਗੋਇਲ ਖ਼ਿਲਾਫ਼ ਮਾਮਲਾ ਦਰਜ ਕੀਤਾ ਸੀ। ਉਨ ਾਂ ਦੱਸਿਆ ਕਿ ਹਸਪਤਾਲ ਖਿਲਾਫ ਮਰੀਜਾਂ ਤੋਂ ਚਾਰਜ ਕੀਤੇ ਗਏ ਪੈਸਿਆ ਦੀ ਰਸੀਦ ਵੀ ਨਹੀ ਦਿੱਤੀ ਜਾਦੀ ਸੀ ਪੁਲਿਸ ਨੇ ਅੱਜ ਨਿਊ ਲਾਈਫ ਲਾਈਨ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਪ੍ਰਵੀਨ ਗੋਇਲ ਅਤੇ ਡਾਕਟਰ ਮਨੀਸ਼ ਗੋਇਲ ਨੂੰ ਗ੍ਰਿਫਤਾਰ ਕਰ ਲਿਆ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੁਧਿਆਣਾ 'ਚ ਪੈਂਦੇ ਬਾਲ ਘਰਾਂ ਦਾ ਕੀਤਾ ਵਿਸ਼ੇਸ਼ ਨਿਰੀਖਣ



**ਲੁਧਿਆਣਾ/ਕਰਨ ਅਗਰਵਾਲ**

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸ੍ਰੀ ਮੁਨੀਸ਼ ਸਿੰਗਲ, ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਅੱਜ ਜਿਲ੍ਹਾ ਲੁਧਿਆਣਾ ਵਿੱਚ ਪੈਂਦੇ ਵੱਖ-ਵੱਖ ਬਾਲ ਘਰਾਂ ਦਾ ਵਿਸ਼ੇਸ਼ ਤੌਰ ਤੇ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਸ੍ਰੀ ਪੀ.ਐਸ. ਕਾਲੇਕਾ, ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਉਕਤ ਬਾਲ ਘਰਾਂ ਵਿੱਚ ਰਹਿ ਰਹੇ ਬੱਚਿਆਂ ਦੇ ਪਾਲਣ-ਪੋਸ਼ਣ ਦੇ ਸਬੰਧ ਵਿੱਚ ਵਿਸਥਾਰ ਪੂਰਵਕ ਜਾਣਕਾਰੀ ਹਾਸਲ ਕੀਤੀ ਗਈ। ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਬੱਚਿਆਂ ਨਾਲ ਵੱਖਰੇ-ਵੱਖਰੇ ਤੌਰ 'ਤੇ ਗੱਲਬਾਤ ਕੀਤੀ ਗਈ। ਉਨ੍ਹਾਂ ਵੱਲੋਂ ਬਾਲ ਘਰਾਂ ਵਿੱਚ ਮੁਢਲੀਆਂ ਸਹੂਲਤਾਂ ਜਿਵੇਂ ਪੀਣ ਦਾ ਪਾਣੀ, ਖਾਣਾ, ਕਪੜੇ, ਰਸੋਈ ਅਤੇ ਰਹਿਣ-ਸਹਿਣ ਆਦਿ ਸਬੰਧੀ ਵਿਸ਼ੇਸ਼ ਤੌਰ 'ਤੇ ਨਿਰੀਖਣ ਕੀਤਾ ਗਿਆ। ਇਸ ਮੌਕੇ ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਉਪਰੋਕਤ ਬਾਲ ਘਰਾਂ ਵਿੱਚ ਰਹਿ ਰਹੇ ਬੱਚਿਆਂ ਨੂੰ ਇੱਕ-ਇੱਕ ਕਿੱਟ ਜਿਸ ਵਿੱਚ ਬਿਸਕੁਟ, ਚਿਪਸ, ਕਾਪੀ ਅਤੇ ਪੈਨਸਿਲ ਆਦਿ ਸ਼ਾਮਲ ਸਨ, ਵੀ ਵੰਡੇ ਗਏ।

# ਕੈਪਟਨ ਸੰਦੀਪ ਸੰਧੂ ਦੇ ਯਤਨਾਂ ਸਦਕਾ ਮੁੱਲਾਂਪੁਰ ਸਰਵਿਸ ਲੇਨ 'ਤੇ ਖੱਡੇ ਭਰਾਈ ਦਾ ਕੰਮ ਸ਼ੁਰੂ ਕਰਵਾਇਆ : ਤੇਲੂ ਰਾਮ ਬਾਂਸਲ



**ਮੁੱਲਾਂਪੁਰ/ਸੁਖਚੈਨ ਮਹਿਰਾ**

ਅੱਜ ਨਗਰ ਕੌਂਸਲ ਪ੍ਰਧਾਨ ਪ੍ਰਧਾਨ ਤੇਲੂ ਰਾਮ ਬਾਂਸਲ, ਸੀਨੀਅਰ ਵਾਇਸ ਪ੍ਰਧਾਨ ਕਰਨਵੀਰ ਸਿੰਘ ਸੇਖੋਂ, ਸੀਨੀਅਰ ਕਾਂਗਰਸੀ ਆਗੂ ਤੇ ਕੌਂਸਲਰ ਮਹਿੰਦਰ ਪਾਲ ਸਿੰਘ ਲਾਲੀ, ਮਾਰਕੀਟ ਕਮੇਟੀ ਮੁੱਲਾਂਪੁਰ ਦੇ ਵਾਇਸ ਚੇਅਰਮੈਨ ਸ਼ਾਮ ਲਾਲ ਜਿੰਦਲ, ਜਤਿੰਦਰ ਸਿੰਘ ਮੱਕੜ ਨੇ ਸਰਵਿਸ ਲੇਨ 'ਤੇ ਖੱਡੇ ਭਰਾਈ ਦਾ ਕੰਮ ਸ਼ੁਰੂ ਕਰਵਾਇਆ। ਉਨ੍ਹਾਂ ਕੈਪਟਨ ਸੰਦੀਪ ਸਿੰਘ ਸੰਧੂ, ਸਿਆਸੀ ਸਲਾਹਕਾਰ, ਮੁੱਖ ਮੰਤਰੀ ਪੰਜਾਬ ਦਾ ਬਹੁਤ ਧੰਨਵਾਦ ਕੀਤਾ ਜਿਨ੍ਹਾਂ ਦੇ ਅਣਥੱਕ ਯਤਨਾਂ ਸਦਕਾ ਮੁੱਲਾਂਪੁਰ ਤੋਂ ਫਿਰੋਜ਼ਪੁਰ ਰੋਡ ਦੇ ਨਾਲ ਲੱਗਦੀ ਸਰਵਿਸ ਲੇਨ 'ਤੇ ਖੱਡੇ ਭਰਾਈ ਦਾ ਕੰਮ ਸ਼ੁਰੂ ਹੋ ਗਿਆ ਹੈ।

ਇਸ ਮੌਕੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਵੀ ਭਰੋਸਾ ਦਿਵਾਇਆ ਕਿ ਬਰਸਾਤ ਦੇ ਮੌਸਮ ਤੋਂ ਬਾਅਦ ਪ੍ਰੀਮਿਕਸ ਦਾ ਕੰਮ ਵੀ ਸ਼ੁਰੂ ਕੀਤਾ ਜਾਵੇਗਾ।

ਪ੍ਰਧਾਨ ਤੇਲੂ ਰਾਮ ਬਾਂਸਲ ਨੇ ਕਿਹਾ ਕਿ ਕੈਪਟਨ ਸੰਦੀਪ ਸਿੰਘ ਸੰਧੂ ਦੀ ਅਗਵਾਈ ਵਿੱਚ ਇਹ ਵਿਸ਼ਵਾਸ ਦਿਵਾਉਂਦੇ ਹਾਂ ਕਿ ਮੁੱਲਾਂਪੁਰ ਦੀ ਦਿੱਖ ਸੁਧਾਰਣ ਦੇ ਪੂਰੇ ਯਤਨ ਕੀਤੇ ਜਾ ਰਹੇ ਹਨ।

# ਜ਼ਿਲ੍ਹਾ ਲੁਧਿਆਣਾ ਵਿੱਚ ਅੱਜ ਫੇਰ 8041 ਸੈਂਪਲ ਲਏ - ਮਰੀਜ਼ਾਂ ਦੇ ਠੀਕ ਹੋਣ ਦੀ ਦਰ 97.53% ਹੋਈ

**ਲੁਧਿਆਣਾ/ਕਰਨ ਅਗਰਵਾਲ**

ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਤਹਿਤ ਅੱਜ ਜ਼ਿਲ੍ਹਾ ਲੁਧਿਆਣਾ ਵਿੱਚ ਇੱਕ ਦਿਨ ਵਿੱਚ ਸ਼ੱਕੀ ਮਰੀਜ਼ਾਂ ਦੇ 8041 ਸੈਂਪਲ ਲਏ ਗਏ। ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਕੁੱਲ 87343 ਮਰੀਜ਼ਾਂ ਵਿਚੋਂ 97.53% (85189 ਕੋਵਿਡ ਪੋਜ਼ਟਿਵ ਮਰੀਜ਼) ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ ਜਦਕਿ ਕੁਝ ਹੋਰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਦੋ ਵੀ ਕੋਈ ਵਿਅਕਤੀ ਦੇ ਕੋਵਿਡ-19 ਦੇ ਪੀੜਤ ਜਾਂ ਸ਼ੱਕੀ ਲੱਗਦਾ ਹੈ ਤਾਂ ਤੁਰੰਤ ਉਸ ਦੇ ਸੈਂਪਲ ਜਾਂਚ ਲਈ ਭੇਜੇ ਜਾਂਦੇ ਹਨ। ਇਸੇ ਤਰ੍ਹਾਂ ਅੱਜ ਵੀ 8041 ਸ਼ੱਕੀ ਵਿਅਕਤੀਆਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ ਅਤੇ ਜਲਦ ਹੀ ਉਨ੍ਹਾਂ ਦੇ ਨਤੀਜੇ ਮਿਲਣ ਦੀ ਉਮੀਦ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ 59 ਪੋਜ਼ਟਿਵ ਮਰੀਜ਼ ਹਨ। ਜ਼ਿਲ੍ਹੇ ਵਿੱਚ ਹੁਣ ਤੱਕ ਤੰਦਰੁਸਤ ਹੋਏ ਮਰੀਜ਼ਾਂ ਦੀ ਸੰਖਿਆ 85189 ਹੋ ਗਈ ਹੈ। ਉਨ੍ਹਾਂ ਕਿਹਾ ਕਿ ਕੋਵਿਡ-19 ਤੋਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ ਕੁਲ 14 ਮਰੀਜ਼ (9 ਜ਼ਿਲ੍ਹਾ ਲੁਧਿਆਣਾ ਤੋਂ ਨਵੇਂ ਮਰੀਜ਼ ਅਤੇ 5 ਬਾਹਰਲੇ ਰਾਜ/ਜ਼ਿਲ੍ਹੇ ਨਾਲ ਸਬੰਧਤ ਹੈ) ਪੋਜ਼ਟਿਵ ਪਾਏ ਗਏ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਕੁੱਲ 2055904 ਨਮੂਨੇ ਲਏ ਗਏ ਹਨ, ਜਿਨ੍ਹਾਂ ਵਿਚੋਂ 2055904 ਨਮੂਨਿਆਂ ਦੀ ਰਿਪੋਰਟ ਪ੍ਰਾਪਤ ਹੋਈ ਹੈ, 1956937 ਨਮੂਨੇ ਨੈਗਟਿਵ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਲੁਧਿਆਣਾ ਨਾਲ ਸਬੰਧਤ ਕੁਲ ਮਰੀਜ਼ਾਂ ਦੀ ਗਿਣਤੀ 87343 ਹੈ, ਜਦਕਿ 11624 ਮਰੀਜ਼ ਦੂਜੇ ਜ਼ਿਲ੍ਹਿਆਂ/ਰਾਜਾਂ ਨਾਲ ਸਬੰਧਤ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਕੋਰੋਨਾ ਤੋਂ ਪੀੜਤ ਮਰੀਜ਼ਾਂ ਦੀ ਮੌਤ ਦੀ ਕੁੱਲ ਗਿਣਤੀ ਲੁਧਿਆਣਾ ਤੋਂ 2093 ਅਤੇ 1044 ਦੂਜੇ ਜ਼ਿਲ੍ਹਿਆਂ ਨਾਲ ਸਬੰਧਤ ਹਨ।

ਸ੍ਰੀ ਸ਼ਰਮਾ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨ, ਜਿਸ ਨਾਲ ਉਹ ਨਾ ਸਿਰਫ ਆਪ ਸੁਰੱਖਿਅਤ ਰਹਿਣਗੇ, ਬਲਕਿ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਵੀ ਯੋਗਦਾਨ ਪਾਉਣਗੇ।



# ਵਿਧਾਇਕ ਪਾਹੜਾ ਨੇ ਨਵਾਂ ਪਿੰਡ 'ਚ ਵਰਗੇ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ ਅਤੇ ਵਿਕਾਸ ਕੰਮਾਂ ਦਾ ਲਿਆ ਜਾਇਜ਼ਾ

**ਗੁਰਦਾਸਪੁਰ/ਨਵਨੀਤ ਕੁਮਾਰ**

ਹਲਕਾ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਨਵਾਂ ਪਿੰਡ ਝਾਵਰ ਦੇ ਵਿਚ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕੰਮਾਂ ਦਾ ਜਾਇਜ਼ਾ ਲਿਆ। ਇਸ ਮੌਕੇ ਤੇ ਨਗਰ ਕੌਂਸਲ ਗੁਰਦਾਸਪੁਰ ਅਤੇ ਜ਼ਿਲ੍ਹਾ ਯੂਥ ਕਾਂਗਰਸ ਦੇ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਪਾਹੜਾ ਵੀ ਹਾਜ਼ਰ ਸਨ। ਵਿਧਾਇਕ ਪਾਹੜਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਨਵਾਂ ਪਿੰਡ ਝਾਵਰ ਵਿੱਚ ਪਹੁੰਚ ਕੇ ਲੋਕਾਂ ਦੀ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਹਨ। ਅਤੇ ਉਨ੍ਹਾਂ ਦਾ ਮੌਕੇ ਤੇ ਹੀ ਨਿਪਟਾਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਿੰਡ ਦੇ ਲੋਕਾਂ ਦੀ ਹਰੇਕ ਸਮੱਸਿਆ ਨੂੰ ਦੂਰ ਕੀਤਾ ਗਿਆ ਹੈ। ਪਿੰਡ ਵਿੱਚ ਗਲੀਆਂ ਨਾਲੀਆਂ ਸੜਕਾਂ ਸਹਿਤ ਹੋਰ ਵਿਕਾਸ ਕੰਮ ਕਰਵਾਏ ਗਏ ਹਨ। ਲੋਕਾਂ ਦੀ ਸੁਵਿਧਾ ਦੇ ਲਈ ਨਵੀਂਆਂ ਨਵੀਂਆਂ ਯੋਜਨਾਵਾਂ ਦੇ ਤਹਿਤ ਕੰਮ ਕਰਵਾਏ ਗਏ ਹਨ। ਪਿੰਡ ਵਿੱਚ ਚੱਲ ਰਹੇ ਅਤੇ ਮੁਕੰਮਲ ਹੋਏ ਵਿਕਾਸ ਕੰਮਾਂ ਦਾ ਜਾਇਜ਼ਾ ਵੀ ਲਿਆ ਗਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਅਗਵਾਈ ਵਿਚ ਹਲਕਾ ਗੁਰਦਾਸਪੁਰ ਦੇ ਵਿਕਾਸ ਕੰਮ ਤੇ ਵੱਡੇ ਪੱਧਰ ਤੇ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਸਰਪੰਚ ਦਵਿੰਦਰ ਕੌਰ, ਸੋਨੂੰ ਬਾਜਵਾ, ਚੇਅਰਮੈਨ, ਗੁਰਦੀਪ ਸਿੰਘ ਸਰਪੰਚ, ਤਰਸੇਮ ਲਾਲ, ਪੂਰਨ ਸਿੰਘ, ਰਣਜੀਤ ਸਿੰਘ, ਮਨਜਿੰਦਰ ਕੁਮਾਰ, ਭਗਵੰਤ ਸਿੰਘ, ਜਸਵੰਤ ਸਿੰਘ, ਅਮਰੀਕ ਸਿੰਘ, ਪਰਮਜੀਤ ਸਿੰਘ, ਜਸਪਾਲ ਸਿੰਘ, ਗੁਰਨਾਮ ਸਿੰਘ, ਹਰਦੀਪ ਸਿੰਘ, ਸੁਰਿੰਦਰ ਸ਼ਰਮਾ, ਕੰਵਲਜੀਤ ਸਿੰਘ, ਪ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

# ਗੁਰਦਾਸਪੁਰ ਦੇ ਸਰਕਾਰੀ ਸਕੂਲ ਵਿੱਚ ਲੱਗਿਆ ਕੋਵਿਡ ਵੈਕਸੀਨ ਕੈਂਪ



**ਗੁਰਦਾਸਪੁਰ/ਨਵਨੀਤ ਕੁਮਾਰ**

ਕੋਰੋਨਾ ਮਹਾਂਮਾਰੀ ਤੋਂ ਬਚਾਉਣ ਲਈ ਸਿਹਤ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਅੰਦਰ ਵੱਖ ਵੱਖ ਥਾਵਾਂ ਤੇ ਵੈਕਸੀਨੇਸ਼ਨ ਦੀ ਕੈਂਪ ਲਾਏ ਜਾ ਰਹੇ ਹਨ। ਤਾਂ ਜੋ ਲੋਕਾਂ ਨੂੰ ਕਰੋਨਾ ਦੀ ਵੈਕਸੀਨ ਲਗਵਾਉਣ ਵਿਚ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਪੇਸ਼ ਨਾ ਆਵੇ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਬਾਰ ਬਾਰ ਵੈਕਸੀਨ ਲਗਾਉਣ ਦੀ ਅਪੀਲ ਕੀਤੀ ਜਾ ਰਹੀ ਹੈ। ਉਥੇ ਹੀ ਜ਼ਿਲਾ ਵਾਸੀਆਂ ਵੱਲੋਂ ਵੀ ਪ੍ਰਸ਼ਾਸਨ ਦੇ ਇਸ ਕੰਮ ਵਿਚ ਸਹਿਯੋਗ ਦਿੱਤਾ ਜਾ ਰਿਹਾ ਹੈ। ਅਤੇ ਲੋਕਾਂ ਵੱਲੋਂ ਵੱਧ ਤੋਂ ਵੱਧ ਵੈਕਸੀਨ ਲਗਵਾਈ ਜਾ ਰਹੀ ਹੈ। ਜ਼ਿਲ੍ਹਾ ਪ੍ਰਸ਼ਾਸਨ ਦਾ ਮੁੱਖ ਮੰਤਵ ਹੈ ਕਿ ਜ਼ਿਲ੍ਹੇ ਵਿੱਚ ਵੱਧ ਤੋਂ ਵੱਧ ਵੈਕਸਿਨ ਕੈਂਪ ਲਗਾ ਕੇ ਲੋਕਾਂ ਨੂੰ ਵੈਕਸੀਨ ਲਗਵਾਈ ਜਾਵੇ। ਸਰਕਾਰ ਆਉਣ ਵਾਲੀ ਤੀਜੀ ਸੰਭਾਵਿਤ ਲਹਿਰ ਨੂੰ ਲੈ ਕੇ ਵੀ ਸੁਚੇਤ ਹੈ। ਸਰਕਾਰ ਦਾ ਮੰਤਵ ਹੈ ਕਿ ਜ਼ਿਲ੍ਹਾ ਵਾਸੀਆਂ ਨੂੰ ਵੱਧ ਤੋਂ ਵੱਧ ਵੈਕਸੀਨ ਲਗਾ ਕੇ ਤੀਸਰੀ ਲਹਿਰ ਨੂੰ ਫੈਲਣ ਤੋਂ ਘੱਟ ਕੀਤਾ ਜਾ ਸਕੇ। ਇਸੇ ਲੜੀ ਦੇ ਤਹਿਤ ਅੱਜ ਗੁਰਦਾਸਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿਖੇ ਕੋਵਿਡ ਵੈਕਸੀਨ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਸੋ ਦੇ ਕਰੀਬ ਲੋਕਾਂ ਨੇ ਵੈਕਸੀਨ ਲਗਾਈ ਗਈ। ਵੈਕਸੀਨ ਲਵਾਉਣ ਵਾਲੇ ਲੋਕਾਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਵੈਕਸੀਨ ਲਗਵਾਉਣ ਆਏ ਗੋਪੀ ਸ਼ਰਮਾ ਅਤੇ ਨੇਹਾ ਮਹਾਜਨ ਨੇ ਦੱਸਿਆ ਕਿ ਇਹ ਵੈਕਸੀਨ ਪੂਰੀ ਤਰ੍ਹਾਂ ਨਾਲ ਸੁਰੱਖਿਅਤ ਹੈ। ਅਤੇ ਹਰੇਕ ਨੂੰ ਇਹ ਵੈਕਸੀਨ ਲਵਾਉਣੀ ਚਾਹੀਦੀ ਹੈ। ਉੱਥੇ ਹੀ ਸਮਾਜ ਸੇਵੀ ਰਵਿੰਦਰ ਖੰਨਾ ਵੱਲੋਂ ਸਿਹਤ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਉਨ੍ਹਾਂ ਨੇ ਲੋਕਾਂ ਨੂੰ ਵੀ ਵੱਧ ਤੋਂ ਵੱਧ ਵੈਕਸੀਨ ਲਵਾਉਣ ਦੀ ਅਪੀਲ ਕੀਤੀ।

# ਮੋਹਾਲੀ ਵਿੱਚ ਯੂਥ ਅਕਾਲੀ ਵਿੱਕੀ ਮਿੱਡੂਖੇੜਾ ਦਾ ਸ਼ਰੇਆਮ ਗੋਲੀਆਂ ਮਾਰ ਕੇ ਕੀਤਾ ਕਤਲ



**ਮੋਹਾਲੀ/ਕਰਨ ਅਗਰਵਾਲ**

ਅੱਜ ਸਵੇਰੇ ਮੋਹਾਲੀ ਦੇ ਸੈਕਟਰ- 71 ਵਿਖੇ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਯੂਥ ਅਕਾਲੀ ਆਗੂ ਵਿੱਕੀ ਮਿੱਡੂਖੇੜਾ ਨੂੰ ਅਣਪਛਾਤੇ ਹਮਲਾਵਰਾਂ ਨੇ ਅਨ੍ਹੇਵਾਹ ਗੋਲ਼ੀਆਂ ਮਾਰ ਦਿੱਤੀਆਂ। ਮਿਲੀ ਜਾਣਕਾਰੀ ਮੁਤਾਬਕ ਹਮਲਾਵਰਾਂ ਨੇ ਮਿੱਡੂਖੇੜਾ ਨੂੰ ਲਗਭਗ 6 ਤੋਂ ਵੱਧ ਗੋਲ਼ੀਆਂ ਮਾਰੀਆਂ, ਜਿਸ ਨਾਲ ਖ਼ੂਨ ਨਾਲ ਲਥਪਥ ਹੋ ਕੇ ਜ਼ਮੀਨ 'ਤੇ ਡਿੱਗ ਪਿਆ। ਉਸ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ , ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਵਾਰਦਾਤ ਤੋਂ ਬਾਅਦ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਇਹ ਵੀ ਸੂਚਨਾ ਮਿਲੀ ਹੈ ਕਿ ਪੁਲਸ ਨੇ ਇਕ ਗੱਡੀ ਵੀ ਕਬਜ਼ੇ ਵਿਚ ਲਈ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਹਮਲਾਵਰ ਇਸੇ ਗੱਡੀ ਵਿਚ ਬੈਠ ਕੇ ਆਏ ਸਨ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਨੌਜਵਾਨ ਵਿਕੀ ਮਿੱਡੂਖੇੜਾ ਉੱਘਾ ਯੂਥ ਅਕਾਲੀ ਆਗੂ ਸੀ ਅਤੇ ਬਾਦਲ ਪਰਿਵਾਰ ਦੇ ਨੇੜੇ ਸੀ। ਉਧਰ ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਜ਼ਿਲ੍ਹਾ ਪੁਲਸ ਮੁਖੀ ਮੌਕੇ 'ਤੇ ਪਹੁੰਚੇ ਅਤੇ ਆਸ ਪਾਸ ਲੱਗੇ ਸੀ.ਸੀ.ਟੀ.ਵੀ. ਕੈਮਰੇ ਦੀ ਫੁਟੇਜ ਨੂੰ ਖੰਘਾਲਿਆ ਜਾ ਰਿਹਾ ਹੈ। ਮ੍ਰਿਤਕ ਅਕਾਲੀ ਦਲ ਨਾਲ ਸਬੰਧਿਤ ਐੱਸ.ਓ.ਆਈ. ਦਾ ਸਾਬਕਾ ਪ੍ਰਧਾਨ ਵੀ ਰਹਿ ਚੁੱਕਾ ਹੈ।

# ਪਿੰਡ ਸਰਸਪੁਰ ਦੇ ਪੰਜ ਪਰਿਵਾਰ ਅਕਾਲੀ ਦਲ ਛੱਡ ਕੇ ਕਾਂਗਰਸ ਵਿੱਚ ਸ਼ਾਮਲ



**ਗੁਰਦਾਸਪੁਰ-ਨਵਨੀਤ ਕੁਮਾਰ**

ਹਲਕਾ ਗੁਰਦਾਸਪੁਰ ਦੇ ਪਿੰਡ ਸਰਸਪੁਰ ਦੇ ਪੰਜ ਪਰਿਵਾਰਕ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੂੰ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ। ਜਿਸ ਦਾ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਵੱਲੋਂ ਸਿਰੋਪਾ ਭੇਟ ਕਰਕੇ ਸਵਾਗਤ ਕੀਤਾ। ਕਾਂਗਰਸ ਵਿੱਚ ਸ਼ਾਮਲ ਹੋਏ ਗੁਰਵਿੰਦਰ ਸਿੰਘ, ਹਰਦਿਆਲ ਸਿੰਘ, ਹਰਦੀਪ ਸਿੰਘ, ਮਨਜੀਤ ਕੌਰ ਨੇ ਕਿਹਾ ਕਿ ਹਲਕਾ ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਵੱਲੋਂ ਕਰਵਾਏ ਜਾ ਰਹੇ ਵਿਕਾਸ ਕੰਮਾਂ ਨੂੰ ਲੋਕ ਭਲਾਈ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਇਹ ਪਰਿਵਾਰ ਸਹਿਤ ਕਾਂਗਰਸ ਵਿੱਚ ਸਾਮਲ ਹੋਏ ਹਨ। ਵਿਧਾਇਕ ਪਾਹੜਾ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਹਲਕੇ ਦੇ ਲੋਕਾਂ ਦੀ ਹਰੇਕ ਸਮੱਸਿਆ ਨੂੰ ਦੂਰ ਕੀਤਾ ਗਿਆ ਹੈ। ਕਾਂਗਰਸ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਕਾਸ ਕੰਮਾਂ ਨੇ ਬਹੁਤ ਸਾਰੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਹੋਰ ਰਾਜਨੀਤਕ ਪਾਰਟੀਆਂ ਨੂੰ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਤੇ ਗੁਰਵਿੰਦਰ ਸਿੰਘ, ਸੋਨੂੰ ਬਾਜਵਾ, ਜੋਗਾ ਸਿੰਘ, ਜਗਮੋਹਨ ਸਿੰਘ, ਸੁਖਵਿੰਦਰ ਸਿੰਘ, ਅਮਰੀਕ ਸਿੰਘ, ਬਲਜਿੰਦਰ ਸਿੰਘ ਆਦਿ ਹਾਜ਼ਰ ਸਨ।



# ਹਲਕਾ ਘਨੌਰ ਵਿੱਚ ਲੋਕਾਂ ਦੇ ਸਹਿਯੋਗ ਮਿਲਣ ਨਾਲ ਅਕਾਲੀ ਦਲ ਦੀ ਜਿੱਤ ਯਕੀਨੀ : ਬੀਬੀ ਹਰਪ੍ਰੀਤ ਕੌਰ ਮੁਖਮੇਲਪੁਰ



**ਘਨੌਰ/ਸਰਦਾਰਾ ਸਿੰਘ ਲਾਛੜੂ**

ਹਲਕਾ ਘਨੌਰ ਦੇ ਪਿੰਡ ਡਾਹਰੀਆਂ ਵਿਖੇ ਵੱਖ-ਵੱਖ ਪਾਰਟੀਆਂ ਦਾ ਸੁਫੜਾ ਸਾਫ ਕਰਕੇ ਬੀਬੀ ਹਰਪ੍ਰੀਤ ਕੌਰ ਮੁਖਮੇਲਪੁਰ ਨੇ ਸ੍ਰੋਮਣੀ ਅਕਾਲੀ ਦਲ ਦਾ ਝੰਡਾ ਉਦੋਂ ਬੁਲੰਦ ਕਰ ਦਿੱਤਾ ਹੈ ਜਦੋ ਬੀਬੀ ਮੁਖਮੇਲਪੁਰ ਦੀ ਫੇਰੀ ਦੋਰਾਨ 11 ਪਰਿਵਾਰ ਵੱਖ – ਵੱਖ ਪਾਰਟੀਆਂ ਛੱਡ ਕੇ ਸ੍ਰੋਮਣੀ ਅਕਾਲੀ ਦਲ ਵਿੱਚ ਸਾਮਲ ਹੋ ਗਏ । ਜਿਕਰ ਯੋਗ ਹੈ ਕਿ ਬੀਤੇ ਕਲ੍ਹ ਪਿੰਡ ਵਾਸੀਆਂ ਵੱਲੋ ਵਿਸਾਲ ਇਕੱਠ ਕਰਕੇ ਬੀਬੀ ਮੁਖਮੇਲਪੁਰ ਜੀ ਦੀ ਹਾਜਰੀ ਵਿੱਚ ਸ੍ਰੋਮਣੀ ਅਕਾਲੀ ਦਲ ਦਾ ਪੱਲਾ ਫੜਿਆ । ਇਸ ਮੋਕੇ ਸ੍ਰੋਮਣੀ ਅਕਾਲੀ ਦਲ ਦੀ ਮੀਤ ਪ੍ਰਧਾਨ ਇਨਚਾਰਜ ਹਲਕਾ ਘਨੌਰ ਬੀਬੀ ਹਰਪ੍ਰੀਤ ਕੌਰ ਮੁਖਮੇਲਪੁਰ ਨੇ ਸਾਮਲ ਹੋਣ ਵਾਲੇ ਪਰਿਵਾਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਵਿਸਵਾਸ ਦਿਵਾਇਆ ਕਿ ਅੱਜ ਪਰਖ ਦੀ ਘੜੀ ਅਤੇ ਪਾਰਟੀ ਦੀ ਲੋੜ ਵੇਲੇ ਸਾਮਲ ਹੋਣ ਵਾਲਿਆ ਨੂੰ ਪਾਰਟੀ ਪੂਰਾ ਸਤਿਕਾਰ ਅਤੇ ਮਾਣ ਦੇਵੇਗੀ ।ਸਾਮਲ ਹੋਣ ਵਾਲਿਆ ਵਿੱਚ ਪ੍ਰੀਤ ਸਿੰਘ ਸਾਬਕਾ ਸਰਪੰਚ , ਬੁੱਧ ਸਿੰਘ , ਕਸਮੀਰ ਸਿੰਘ ,ਸਾਵਨ ਸਿੰਘ ,ਅਜੀਤ ਸਿੰਘ , ਗੁਲਜਾਰ ਸਿੰਘ , ਮਹਿੰਗਾ ਸਿੰਘ , ਬੀਬੀ ਬਲਵਿੰਦਰ ਕੌਰ , ਕਾਕਾ ਸਿੰਘ , ਰੋਸਨ ਸਿੰਘ , ਪਰਮਜੀਤ ਸਿੰਘ ਸਾਮਲ ਸਨ । ਇਸ ਮੋਕੇ ਸਰਕਲ ਪ੍ਰਧਾਨ ਸੁੱਚਾ ਸਿੰਘ ਅਲੀਮਾਜਰਾ ਨੇ ਕਿਹਾ ਕਿ ਨਵੀ ਟੀਮ ਦੇ ਸਾਮਲ ਹੋਣ ਨਾਲ ਅਕਾਲੀ ਦਲ ਨੂੰ ਬਲ ਮਿਲਿਆ ਹੈ । ਇਸ ਮੋਕੇ ਜਥੇ ਅਵਤਾਰ ਸਿੰਘ ਕਪੂਰੀ , ਕ੍ਰਿਸਨ ਸਿੰਘ ਸਨੌਰ , ਓਕਾਰ ਸਿੰਘ , ਜੈ ਸਿੰਘ ਮਰਦਾਂਪੁਰ , ਧੰਨਾ ਸਿੰਘ ਹਰਪਾਲਾਂ , ਨਰੇਸ ਕੁਮਾਰ ਪੀ.ਏ ਅਤੇ ਜਸਪ੍ਰੀਤ ਸਿੰਘ ਬਸਾਂਤੀ ਮੌਜੂਦ ਸਨ।

# ਪੰਜਾਬ ਸਰਕਾਰ ਪਿੰਡਾਂ ਵਿੱਚ ਵੀ ਸਕੂਲਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਲਈ ਬਚਨਵੱਧ : ਅਰੁਨਾ ਚੋਧਰੀ



**ਦੀਨਾਨਗਰ/ ਡਾ.ਰਮੇਸ਼ ਸਰੰਗਲ**

ਬੱਚਿਆਂ ਨੂੰ ਵਧੀਆ ਮਾਹੌਲ ’ਚ ਸਿੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਵੱਖ ਵੱਖ ਸਰਕਾਰੀ ਸਕੂਲਾਂ ’ਚ ਬਣਾਏ ਗਏ ਵਾਧੂ ਜਮਾਤ ਕਮਰਿਆਂ ਦਾ ਪੰਜਾਬ ਦੀ ਕੈਬਨਿਟ ਮੰਤਰੀ ਅਰੁਨਾ ਚੌਧਰੀ ਵੱਲੋਂ ਉਦਘਾਟਨ ਕੀਤਾ ਗਿਆ।ਉਨ੍ਹਾਂ ਪਿੰਡ ਸ਼ਾਲਾ, ਗੁੰਝੀਆਂ ਬੇਟ, ਨਰੈਣੀਪੁਰ, ਚੰਦਰਭਾਨ ਅਤੇ ਕਲੀਜਪੁਰ ਵਿੱਚ 52.92 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਸਮਾਰਟ ਕਮਰਿਆਂ ਦਾ ਫੀਤਾ ਕੱਟ ਕੇ ਇਨ੍ਹਾਂ ਨੂੰ ਬੱਚਿਆਂ ਦੇ ਪੜ੍ਹਣ ਲਈ ਰਸਮੀ ਤੌਰ ’ਤੇ ਉਨ੍ਹਾਂ ਦੇ ਹਵਾਲੇ ਕੀਤਾ। ਇਸ ਮੌਕੇ ਉਨ੍ਹਾਂ ਨਾਲ ਯੂਥ ਆਗੂ ਅਭਿਨਵ ਚੌਧਰੀ ਵੀ ਮੌਜੂਦ ਸਨ। ਅਰੁਨਾ ਚੌਧਰੀ ਨੇ ਪਿੰਡ ਸ਼ਾਲਾ ’ਚ 7.51 ਲੱਖ ਰੁਪਏ, ਗੁੰਝੀਆਂ ਬੇਟ ’ਚ 7.56 ਲੱਖ, ਨਰੈਣੀਪੁਰ ’ਚ 5.45 ਲੱਖ, ਚੰਦਰਭਾਨ ’ਚ 15.2 ਲੱਖ ਅਤੇ ਕਲੀਜਪੁਰ ’ਚ 17.2 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਗਏ ਵੱਡੇ ਕਮਰਿਆਂ ਬਾਰੇ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਨੂੰ ਬਹੁਤ ਲਾਭ ਹੋਵੇਗਾ ਅਤੇ ਉਹ ਖੁੱਲ੍ਹੇ ਕਮਰਿਆਂ ਅੰਦਰ ਚੰਗੇ ਮਾਹੌਲ ਵਿੱਚ ਸਿੱਖਿਆ ਪ੍ਰਾਪਤ ਕਰ ਸਕਣਗੇ।ਉਨ੍ਹਾਂ ਕਿਹਾ ਕਿ ਕਿਸੇ ਵੀ ਮੁਲਕ ਅਤੇ ਸੂਬੇ ਦੀ ਤਰੱਕੀ ਲਈ ਉੱਥੋਂ ਦੇ ਬੱਚਿਆਂ ਦਾ ਸਿੱਖਿਅਤ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਅਧਿਆਪਕਾਂ ਅਤੇ ਪਿੰਡ ਦੇ ਮੋਹਤਬਰਾਂ ਨੂੰ ਹਦਾਇਤ ਕੀਤੀ ਕਿ ਉਹ ਸਰਕਾਰੀ ਸਕੂਲਾਂ ’ਚ ਮਿਲ ਰਹੀਆਂ ਵਧੀਆ ਸੁਵਿਧਾਵਾਂ ਅਤੇ ਉੱਚ ਦਰਜੇ ਦੀ ਸਿੱਖਿਆ ਦਾ ਪ੍ਰਚਾਰ ਕਰਦੇ ਹੋਏ ਵੱਧ ਤੋਂ ਵੱਧ ਬੱਚਿਆਂ ਨੂੰ ਸਰਕਾਰੀ ਸਕੂਲਾਂ ’ਚ ਪੜ੍ਹਣ ਲਈ ਪ੍ਰੇਰਿਤ ਕਰਨ। ਇਸ ਮੌਕੇ ਵੱਖ ਵੱਖ ਸਕੂਲਾਂ ’ਚ ਹੋਣਹਾਰ ਬੱਚਿਆਂ ਨੂੰ ਕੈਬਨਿਟ ਮੰਤਰੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ।ਸਕੂਲ ਸਟਾਫ਼ ਵੱਲੋਂ ਵੀ ਮੰਤਰੀ ਅਰੁਨਾ ਚੌਧਰੀ ਨੂੰ ਬੱਚਿਆਂ ਦੇ ਹਿੱਤ ਲਈ ਯਤਨ ਕਰਨ ਬਦਲੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਹਰਪਾਲ ਸਿੰਘ ਸੰਧਾਵਾਲੀਆ, ਡਿਪਟੀ ਡੀਈਓ ਬਲਬੀਰ ਸਿੰਘ, ਬੀਪੀਈਓ ਨੰਦ ਲਾਲ, ਸਾਇੰਸ ਮਿਸਟ੍ਰੈਸ ਨੇਹਾ ਚਾਂਦ, ਇੰਗਲਿਸ਼ ਮਿਸਟ੍ਰੈਸ ਗਾਇੱਤਰੀ ਸ਼ਰਮਾ, ਯੂਥ ਵਿੰਗ ਹਲਕਾ ਇੰਚਾਰਜ ਰੰਮੀ ਠਾਕੁਰ, ਜ਼ੋਨ ਇੰਚਾਰਜ ਸੁਭਾਸ਼ ਮੇਘੀਆਂ, ਸਰਪੰਚ ਲਖਵਿੰਦਰ ਸਿੰਘ ਛੀਨਾਬੇਟ, ਜ਼ੋਨ ਇੰਚਾਰਜ ਭੁਪਿੰਦਰ ਸਿੰਘ ਸੇਖਵਾਂ, ਟਹਿਲ ਸਿੰਘ, ਐਡਵੋਕੇਟ ਸੁੱਚਾ ਸਿੰਘ ਮੁਲਤਾਨੀ, ਸੰਮਤੀ ਮੈਂਬਰ ਡਾ. ਰਾਜ ਕੁਮਾਰ, ਅਮਰਜੀਤ ਨੌਸ਼ਹਿਰਾ, ਸੁਖਵਿੰਦਰ ਸਿੰਘ ਭਿੱਲੀ, ਵਰਮਾ ਪੁਰਾਣਾਸ਼ਾਲਾ, ਬਾਬਾ ਰਣਜੀਤਾ, ਡਾ. ਫ਼ਹਿਤ ਸਿੰਘ, ਰਮੇਸ਼ ਕੁਮਾਰ ਸੁੰਦਡ, ਰਘਵੀਰ ਸਿੰਘ, ਮਨਜੀਤ ਸਿੰਘ, ਡਾ. ਰਵੀ ਕੁਮਾਰ, ਸੰਮਤੀ ਮੈਂਬਰ ਬੱਬਲੂ ਕੁਮਾਰ, ਸਰਪੰਚ ਨਰੇਸ਼ ਕੁਮਾਰ ਪੰਡੋਰੀ ਬੈਂਸਾਂ, ਜਤਿੰਦਰ ਕੁਮਾਰ ਕਲੀਜਪੁਰ, ਰਵਿੰਦਰ ਸਿੰਘ ਲਾਹਡੀ ਵੀਰਾਂ, ਕਪਿਲ ਭਟੋਆ, ਸਰਪੰਚ ਰਾਮ ਲੁਭਾਇਆ ਜਗਤਪੁਰ, ਮਨਜੀਤ ਸਿੰਘ ਦਊਵਾਲ ਅਤੇ ਪੀਐਸਓ ਗੁਲਜ਼ਾਰ ਸਿੰਘ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੁਧਿਆਣਾ ’ਚ ਪੈਂਦੇ ਬਾਲ ਘਰਾਂ ਦਾ ਕੀਤਾ ਵਿਸ਼ੇਸ਼ ਨਿਰੀਖਣ

**ਲੁਧਿਆਣਾ/ਸੁਖਚੈਨ ਮਹਿਰਾ**

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸ੍ਰੀ ਮੁਨੀਸ਼ ਸਿੰਗਲ, ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਅੱਜ ਜਿਲ੍ਹਾ ਲੁਧਿਆਣਾ ਵਿੱਚ ਪੈਂਦੇ ਵੱਖ-ਵੱਖ ਬਾਲ ਘਰਾਂ ਦਾ ਵਿਸ਼ੇਸ਼ ਤੌਰ ਤੇ ਨਿਰੀਖਣ ਕੀਤਾ ਗਿਆ।



ਇਸ ਮੌਕੇ ਉਨ੍ਹਾਂ ਨਾਲ ਸ੍ਰੀ ਪੀ.ਐਸ. ਕਾਲੇਕਾ, ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੀ ਵਿਸ਼ੇਸ਼ ਤੌਰ ‘ਤੇ ਮੌਜੂਦ ਸਨ। ਇਸ ਮੌਕੇ ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਉਕਤ ਬਾਲ ਘਰਾਂ ਵਿੱਚ ਰਹਿ ਰਹੇ ਬੱਚਿਆਂ ਦੇ ਪਾਲਣ-ਪੋਸ਼ਣ ਦੇ ਸਬੰਧ ਵਿੱਚ ਵਿਸਥਾਰ ਪੂਰਵਕ ਜਾਣਕਾਰੀ ਹਾਸਲ ਕੀਤੀ ਗਈ। ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਬੱਚਿਆਂ ਨਾਲ ਵੱਖਰੇ-ਵੱਖਰੇ ਤੌਰ ‘ਤੇ ਗੱਲਬਾਤ ਕੀਤੀ ਗਈ।ਉਨ੍ਹਾਂ ਵੱਲੋਂ ਬਾਲ ਘਰਾਂ ਵਿੱਚ ਮੁਢਲੀਆਂ ਸਹੂਲਤਾਂ ਜਿਵੇਂ ਪੀਣ ਦਾ ਪਾਣੀ, ਖਾਣਾ, ਕਪੜੇ, ਰਸੋਈ ਅਤੇ ਰਹਿਣ-ਸਹਿਣ ਆਦਿ ਸਬੰਧੀ ਵਿਸ਼ੇਸ਼ ਤੌਰ ‘ਤੇ ਨਿਰੀਖਣ ਕੀਤਾ ਗਿਆ। ਇਸ ਮੌਕੇ ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਉਪਰੋਕਤ ਬਾਲ ਘਰਾਂ ਵਿੱਚ ਰਹਿ ਰਹੇ ਬੱਚਿਆਂ ਨੂੰ ਇੱਕ-ਇੱਕ ਕਿੱਟ ਜਿਸ ਵਿੱਚ ਬਿਸਕੁਟ, ਚਿਪਸ, ਕਾਪੀ ਅਤੇ ਪੈਨਸਿਲ ਆਦਿ ਸ਼ਾਮਲ ਸਨ, ਵੀ ਵੰਡੇ ਗਏ।

# ਅਸਮਾਨੀ ਬਿਜਲੀ ਡਿੱਗਣ ਕਾਰਨ ਦੋ ਪਸ਼ੂਆਂ ਦੀ ਮੌਤ, ਪਰਿਵਾਰ ਵਿੱਚ ਸੋਗ ਦੀ ਲਹਿਰ..





**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਜਿਵੇਂ ਕਿ ਲਗਾਤਾਰ ਪੰਜਾਬ ਵਿੱਚ ਬਾਰਸ਼ਾਂ ਹੋ ਰਹੀਆਂ ਹਨ ਅਤੇ ਕਈਆਂ ਥਾਵਾਂ ਤੇ ਅਸਮਾਨੀ ਬਿਜਲੀ ਡਿੱਗਣ ਨਾਲ ਭਾਰੀ ਨੁਕਸਾਨ ਹੋਇਆ ਹੈ ਤਾਜਾ ਮਾਮਲਾ ਸਾਹਮਣੇ ਆਇਆ ਹੈ ਜ਼ਿਲਾ ਤਰਨਤਾਰਨ ਦੇ ਪਿੰਡ ਕੈਰੋਂ ਤੋਂ ਜਿੱਥੇ ਕਿ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਸਾਨ ਗੁਰਦਿਆਲ ਸਿੰਘ ਪੁੱਤਰ ਬਿੱਕਰ ਸਿੰਘ ਵਾਸੀ ਪਿੰਡ ਕੈਰੋਂ ਨੇ ਦੱਸਿਆ ਕਿ ਬੀਤੇ ਦਿਨ ਮਿਤੀ 6 ਅਗਸਤ ਨੂੰ ਸਵੇਰੇ 4;30 ਵਜੇ ਅਸਮਾਨੀ ਬਿਜਲੀ ਡਿੱਗਣ ਕਾਰਨ ਮੇਰੇ ਦੋ ਪਸ਼ੂਆਂ ਦੀ ਮੌਤ ਹੋ ਗਈ ਹੈ ਅਤੇ ਪੂਰੇ ਪਰਿਵਾਰ ਵਿੱਚ ਸਹਿਮ ਦਾ ਮਾਹੌਲ ਹੈ ਇਸ ਤਰ੍ਹਾਂ ਦਾ ਘਾਟਾ ਮੇਰੇ ਨਾ ਸਹਿਣਯੋਗ ਹੈ ਮੇਰੇ ਕੋਲ ਹੋਰ ਕੋਈ ਵੀ ਪਸ਼ੂ ਨਹੀਂ ਰਿਹਾ ਮੇਰੇ ਇਹ ਦੋਵੇਂ ਪਸ਼ੂ ਦੁੱਧ ਦਿੰਦੇ ਸਨ ਅਤੇ ਮੇਰੇ ਪਰਿਵਾਰ ਦਾ ਗੁਜ਼ਾਰਾ ਵਧੀਆ ਚਲਦਾ ਸੀ ਮੌਕੇ ਪਰ ਪੁੱਜੇ ਪਿੰਡ ਵਾਸੀਆਂ ਨੇ ਵੀ ਕਿਹਾ ਕਿ ਇਨ੍ਹਾਂ ਨੂੰ ਬਣਦਾ ਸਰਕਾਰੀ ਮੁਆਵਜ਼ਾ ਮਿਲਣਾ ਚਾਹੀਦਾ ਹੈ ਇਸ ਮੌਕੇ ਨੰਬਰਦਾਰ ਬਲਰਾਜ ਸਿੰਘ .ਜਤਿੰਦਰ ਸਿੰਘ ਕੈਰੋ. ਗੁਰਦੇਵ ਸਿੰਘ ਆਦਿ ਹਾਜ਼ਰ ਸਨ।

# ਵਿਜੈ ਇੰਦਰ ਸਿੰਗਲਾ ਵੱਲੋਂ ਕਰਵਾਏ ਜਾ ਰਹੇ ਵਿਕਾਸ ਤੋਂ ਪ੍ਰਭਾਵਿਤ ਹੋ ਕੇ ਫੰਮਣਵਾਲ ਦੇ 15 ਤੋਂ ਵਧੇਰੇ ਪਰਿਵਾਰ ਹੋਏ ਕਾਂਗਰਸ ’ਚ ਸ਼ਾਮਲ

**■ ਸੰਗਰੂਰ ਹਲਕੇ ਦੇ ਪਿੰਡਾਂ ’ਚ ਉੱਚ-ਪੱਧਰੀ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਹਰ ਸਮੇਂ ਵਚਨਬੱਧ: ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ**



**ਭਵਾਨੀਗੜ੍ਹ/ਵਰਮਾ**

ਕੈਬਨਿਟ ਮੰਤਰੀ ਅਤੇ ਸੰਗਰੂਰ ਹਲਕੇ ਤੋਂ ਕਾਂਗਰਸੀ ਵਿਧਾਇਕ ਸ਼੍ਰੀ ਵਿਜੈ ਇੰਦਰ ਸਿੰਗਲਾ ਵੱਲੋਂ ਕਰਵਾਏ ਜਾ ਰਹੇ ਵਿਕਾਸ ਤੋਂ ਪ੍ਰਭਾਵਿਤ ਹੋ ਕੇ ਪਿੰਡ ਫੰਮਣਵਾਲ ਦੇ 15 ਤੋਂ ਵਧੇਰੇ ਪਰਿਵਾਰਾਂ ਨੇ ਵੱਖ ਵੱਖ ਸਿਆਸੀ ਪਾਰਟੀਆਂ ਦਾ ਸਾਥ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਇਸ ਮੌਕੇ ਵਿਜੈ ਇੰਦਰ ਸਿੰਗਲਾ ਨੇ ਖੁਦ ਪਿੰਡ ਫੰਮਣਵਾਲ ਪਹੁੰਚ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪਰਿਵਾਰਾਂ ਨੂੰ ਜੀ ਆਇਆ ਨੂੰ ਕਿਹਾ ਅਤੇ ਬਣਦਾ ਮਾਣ-ਸਨਮਾਨ ਦੇਣ ਦਾ ਵੀ ਭਰੋਸਾ ਦਿੱਤਾ।

ਇਸ ਤੋਂ ਪਹਿਲਾਂ ਸ੍ਰੀ ਸਿਗਲਾ ਨੇ ਪਿੰਡ ਚੰਨੋ ਵਿਖੇ ਪਿੰਡ ਦੇ ਵਿਕਾਸ ਕਾਰਜਾਂ ਲਈ ਅਤੇ ਪਿੰਡ ਨੂਰਪੁਰਾ ਵਿਖੇ ਪੈਲੇਸ ਦੇ ਨਿਰਮਾਣ ਲਈ ਪੰਚਾਇਤਾਂ ਨੂੰ ਕ੍ਰਮਵਾਰ 5 ਅਤੇ 2.5 ਲੱਖ ਰੁਪਏ ਦੇ ਚੈੱਕ ਭੇਟ ਕੀਤੇ ਅਤੇ ਪਿੰਡ ਚੰਨੋ ਵਿਖੇ ‘ਬੁਢਾਪਾ ਪੈਨਸ਼ਨ’ ਦੇ ਯੋਗ ਲਾਭਪਾਤਰੀਆਂ ਨੂੰ ਮਨਜ਼ੂਰੀ ਪੱਤਰ ਵੰਡੇ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਕਾਂਗਰਸ ਸਰਕਾਰ ਲਗਾਤਾਰ ਫੰਡ ਮੁਹੱਈਆ ਕਰਵਾ ਰਹੀ ਹੈ।

ਸ਼੍ਰੀ ਵਿਜੈ ਇੰਦਰ ਸਿੰਗਲਾ ਨੇ ਦੱਸਿਆ ਕਿ ਸੰਗਰੂਰ ਨੂੰ ਪੰਜਾਬ ਦਾ ਸਭ ਤੋਂ ਵਧੀਆ ਹਲਕਾ ਬਣਾਉਣ ਲਈ ਉਹ ਲਗਾਤਾਰ ਮਿਹਨਤ ਕਰ ਰਹੇ ਹਨ ਅਤੇ ਹਲਕੇ ਦੇ ਪਿੰਡਾਂ ਵਿੱਚ ਉੱਚ ਪੱਧਰੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹਨ। ਉਨਾਂ ਦੱਸਿਆ ਕਿ ਇਸੇ ਤਰਾਂ ਹਲਕੇ ਦੇ ਹਰ ਪਿੰਡ ਨੂੰ ਜੋੜਨ ਵਾਲੀ ਸੜਕ ਨੂੰ ਲੋੜ ਮੁਤਾਬਕ ਚੌੜਾ ਕਰਨ ਦੇ ਨਾਲ-ਨਾਲ ਨਵੇਂ ਸਿਰਿਉ ਬਣਵਾਇਆ ਗਿਆ ਹੈ ਤਾਂ ਜੋ ਪਿੰਡਾਂ ਦੇ ਆਪਸੀ ਅਤੇ ਸ਼ਹਿਰਾਂ ਨਾਲ ਸੰਪਰਕ ਨੂੰ ਸੁਧਾਰਿਆ ਜਾ ਸਕੇ। ਸ਼੍ਰੀ ਸਿੰਗਲਾ ਨੇ ਦੱਸਿਆ ਕਿ ਪਿੰਡਾਂ ’ਚ ਗਲੀਆਂ-ਨਾਲੀਆਂ ਪੱਕੀਆਂ ਕਰਵਾਉਣ ਦੇ ਨਾਲ-ਨਾਲ ਟੋਭਿਆਂ ਦੀ ਸਫ਼ਾਈ ਕਰਵਾ ਕੇ ਉਨਾਂ ਦਾ ਨਵੀਨੀਕਰਨ ਵੀ ਕਰਵਾਇਆ ਜਾ ਰਿਹਾ ਹੈ।ਉਨਾਂ ਕਿਹਾ ਕਿ ਟੋਭਿਆਂ ਦੇ ਨਵੀਨੀਕਰਨ ਨਾਲ ਜਿੱਥੇ ਪਿੰਡਾਂ ਦੀ ਸਫ਼ਾਈ ਵਿੱਚ ਵਾਧਾ ਹੋਵੇਗਾ ਉੱਥੇ ਹੀ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਵਿੱਚ ਵੀ ਮਦਦ ਮਿਲੇਗੀ। ਉਨਾਂ ਕਿਹਾ ਕਿ ਹੁਣ ਟੋਭਿਆਂ ਦੀ ਸਫ਼ਾਈ ਕਰਵਾ ਕੇ ਆਲੇ-ਦੁਆਲੇ ਸੋਹਣੇ ਬੂਟੇ ਅਤੇ ਲੋਕਾਂ ਦੇ ਸੈਰ ਕਰਨ ਲਈ ਟਰੈਕ ਵੀ ਬਣਵਾਏ ਜਾ ਰਹੇ ਹਨ ਜੋ ਕਿ ਸਰੀਰਕ ਤੰਦਰਸਤੀ ਵਿੱਚ ਵੀ ਮਦਦਗਾਰ ਹੋਣਗੇ। ਉਨਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਭੇਜੇ ਗਏ ਫੰਡਾਂ ਨੂੰ ਸਾਡੀ ਸਰਕਾਰ ਵੱਲੋਂ ਹੀ ਪਾਰਦਰਸ਼ੀ ਢੰਗ ਨਾਲ ਵਰਤਿਆ ਜਾਣਾ ਯਕੀਨੀ ਬਣਾਇਆ ਜਾ ਰਿਹਾ ਹੈ ਤਾਂ ਜੋ ਪਿਛਲੀਆਂ ਸਰਕਾਰਾਂ ਵੱਲੋਂ ਫੈਲਾਏ ਭ੍ਰਿਸ਼ਟਾਚਾਰ ਨੂੰ ਪੱਕੀ ਨੱਥ ਪਾਈ ਜਾ ਸਕੇ।

ਅੱਜ ਵੱਖ-ਵੱਖ ਸਿਆਸੀ ਪਾਰਟੀਆਂ ਛੱਡ ਕਾਂਗਰਸ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਅਮਨਾ ਸਿੰਘ, ਸਪਿੰਦਰ ਸਿੰਘ, ਜੋਨੀ ਸਿੰਘ, ਗੋਲਡੀ ਸਿੰਘ, ਜੱਗਾ ਸਿੰਘ, ਸਾਹਿਬਜੋਤ ਸਿੰਘ, ਗੁਰਭੇਜ ਸਿੰਘ, ਪਰਵਿੰਦਰ ਸਿੰਘ, ਜਗਦੀਪ ਸਿੰਘ, ਗੁਰਵਿੰਦਰ ਸਿੰਘ, ਜਸਕਰਨ ਸਿੰਘ, ਹਰਪਾਲ ਸਿੰਘ, ਪ੍ਰਭਜੋਤ ਸਿੰਘ, ਜਗਸੀਰ ਸਿੰਘ, ਦਿਲਪ੍ਰੀਤ ਸਿੰਘ, ਹਰਿੰਦਰ ਸਿੰਘ, ਹਰਵਿੰਦਰ ਸਿੰਘ ਆਦਿ ਸਾਮਲ ਸਨ।

# ਢੋਟੀਆਂ ਚੋ ਕਈ ਪਰਿਵਾਰ ਭੁੱਲਰ, ਦੀ ਅਗਵਾਈ ਵਿਚ ਆਪ ’ਚ ਸ਼ਾਮਲ



**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਪੱਟੀ ਦੇ ਪਿੰਡ ਢੋਟੀਆਂ ਵਿਖੇ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਕਈ ਪਰਿਵਾਰ ਆਮ ਆਦਮੀ ਪਾਰਟੀ ਵਿਚ ਸਾਮਿਲ ਹੋਏ। ਸਾਮਿਲ ਹੋਏ ਪਰਿਵਾਰਾਂ ਨੂੰ ਸ੍ਰੀ ਅਰਵਿੰਦ ਕੇਜਰੀਵਾਲ ਜੀ ਵੱਲੋਂ ਬਿਜਲੀ ਦੇ ਮੁੱਦੇ ਤੇ ਕੀਤੇ ਗਏ ਤਿੰਨ ਐਲਾਨਾਂ ਬਾਰੇ ਜਾਣੂ ਕਰਵਾਇਆ। ਸ਼ਾਮਲ ਹੋਏ ਪਰਿਵਾਰਾਂ ਚ ਜਗਤਾਰ ਸਿੰਘ, ਸੁਖਵਿੰਦਰ ਸਿੰਘ, ਗੁਰਵਿੰਦਰ ਸਿੰਘ, ਹਰਜਿੰਦਰ ਸਿੰਘ, ਸੁਖਵਿੰਦਰ ਸਿੰਘ, ਜੋਗਾ ਸਿੰਘ, ਭਗਵਾਨ ਸਿੰਘ, ਕਾਬਲ ਸਿੰਘ ਫੋਜੀ, ਸੁਖਪਾਲ ਸਿੰਘ, ਸੁੱਖਾ, ਮਨਜੀਤ ਸਿੰਘ, ਜਗਤਾਰ, ਮਨਜਿੰਦਰ ਸਿੰਘ, ਜਸਵੰਤ ਸਿੰਘ ਸਾਮਲ ਹੋਏ। ਸਾਮਿਲ ਹੋਏ ਪਰਿਵਾਰਾਂ ਦਾ ਭੁੱਲਰ ਵੱਲੋਂ ਸਵਾਗਤ ਕੀਤਾ ਗਿਆ। ਸਾਮਲ ਹੋਏ ਪਰਿਵਾਰਾਂ ਨੂੰ ਪਾਰਟੀ ਵਿਚ ਬਣਦਾ ਸਨਮਾਨ ਦਿੱਤਾ ਜਾਵੇਗਾ ਭੁੱਲਰ ਵੱਲੋਂ ਸਾਮਲ ਹੋਏ ਪਰਿਵਾਰਾਂ ਦਾ ਸਵਾਗਤ ਕੀਤਾ ਗਿਆ।

ਭੁੱਲਰ ਨੇ ਦੱਸਿਆ ਕਿ ਕਿ ਰਵਾਇਤੀ ਪਾਰਟੀਆਂ ਵੱਲੋਂ ਅਜਾਦੀ ਤੋਂ ਬਾਅਦ ਝੂਠੇ ਵਾਅਦੇ ਕਰਕੇ ਝੂਠ ਦੀ ਰਾਜਨੀਤੀ ਕਰਕੇ ਵੋਟਾਂ ਬਟੋਰੀਆਂ ਲੋਕਾਂ ਤੇ ਰੱਜ ਕੇ ਸਿਆਸਤ ਕੀਤੀ ਭਰਾ ਨੂੰ ਭਰਾ ਨਾਲ ਲੜਾਇਆ ਭਰਾ ਜੰਗ ਜਾਰੀ ਰੱਖਦਿਆਂ ਪਾੜੋ ਤੇ ਰਾਜ ਕਰੋ ਦੀ ਨੀਤੀ ਤਹਿਤ ਰਾਜ ਕੀਤਾ ਅਜਾਦੀ ਤੋਂ ਬਾਵਜੂਦ ਅਜੇ ਲੋਕ ਵਿੱਦਿਆ ਸਿਹਤ ਸਹੂਲਤਾਂ ਪੱਖੋ ਸੱਖਣੇ ਲੋਕ ਇਲਾਜ ਤੋਂ ਬਗੈਰ ਮਰ ਰਹੇ ਸੂਬੇ ਮਾਫੀਆ ਰਾਜ ਚੱਲ ਰਿਹਾ ਮਹਿੰਗੇ ਸਕੂਲਾਂ ਵਿਚ ਬੱਚੇ ਵਿੱਦਿਆ ਹਾਸਲ ਕਰਕੇ ਨੌਕਰੀਆਂ ਨਾਂ ਮਿਲਣ ਕਾਰਨ ਨੌਜਵਾਨ ਵਿਦੇਸ਼ਾ ਵੱਲ ਦੌੜ ਰਹੇ। ਇਸ ਮੌਕੇ ਤੇ ਕੌਂਸਲਰ ਕੁਲਵੰਤ ਸਿੰਘ ਕਲਸੀ ਪੱਟੀ, ਕੌਂਸਲਰ ਹੀਰਾ ਸਿੰਘ ਭੁੱਲਰ, ਪਰਗਟ ਸਿੰਘ ਪੰਨੂ, ਅਵਤਾਰ ਸਿੰਘ ਸਭਰਾ, ਅਮਰੀਕ ਸਿੰਘ ਫੌਜੀ, ਸੋਨੂੰ ਗਿੱਲ, ਗੋਰਾ ਜੋਤੀ ਸਾਹ, ਨਿੰਦਰ ਸਿੰਘ ਠੱਟਾ, ਗੁਰਪ੍ਰੀਤ ਭੁੱਲਰ, ਗੁਰਪਰਿੰਦਰ ਉੱਪਲ, ਬਲਕਾਰ ਸੋਹਲ, ਭੋਲਾ ਜੋਤੀ ਸਾਹ, ਕਰਮਬੀਰ ਪੱਟੀ, ਸੋਸਲ ਮੀਡੀਆ ਜਲ੍ਹਿਾ ਕੋਡੀਨੇਟਰ ਜਗਜੀਤ ਸਿੰਘ ਸੁਹਾਵਾ, ਐਕਸ ਵਿੰਗ ਜਿਲ੍ਹਾ ਵਾਈਸ ਪ੍ਰਧਾਨ ਦਿਲਬਾਗ ਸਿੰਘ ਰੱਤਾ ਗੁੱਦਾ ਹਾਜਰ ਸਨ।

## ਪੁਲਿਸ ਕਮਿਸ਼ਨਰ ਵੱਲੋਂ ਪਟਵਾਰੀਆ ਦੀ ਪ੍ਰੀਖਿਆ ਲਈ ਨਿਰਧਾਰਤ ਸਾਰੇ ਕੇਦਰਾਂ ਦੇ ਇਰਦ-ਗਿਰਦ ਪੰਜ ਜਾਂ ਪੰਜ ਤੋ ਵੱਧ ਵਿਅਕਤੀਆ ਦੇ ਇਕੱਠੇ ਹੋਣ ‘ਤੇ ਪਾਬੰਦੀ

**ਲੁਧਿਆਣਾ/ਸੁਖਚੈਨ ਮਹਿਰਾ**

ਪੁਲਿਸ ਕਮਿਸ਼ਨਰ ਲੁਧਿਆਣਾ ਸ੍ਰੀ ਰਾਕੇਸ਼ ਅਗਰਵਾਲ ਨੇ ਜਾਬਤਾ ਫੌਜਦਾਰੀ ਸੰਘਤਾ ਦੀ ਧਾਰਾ 144 ਸੀ.ਆਰ.ਪੀ.ਸੀ 1973 ਦੀ ਧਾਰਾ ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋ ਕਰਦੇ ਹੋਏ ਪੁਲਿਸ ਕਮਿਸਨਰੇਟ ਲੁਧਿਆਣਾ ਦੇ ਏਰੀਆ ਵਿਚ ਪੈਂਦੇ ਪਟਵਾਰੀਆ ਦੀ ਪ੍ਰੀਖਿਆ ਲਈ ਨਿਰਧਾਰਤ ਸਾਰੇ ਕੇਦਰਾਂ ਦੇ ਇਰਦ ਗਿਰਦ ਪੰਜ ਜਾਂ ਪੰਜ ਤੋ ਵੱਧ ਵਿਅਕਤੀਆ ਦੇ ਪ੍ਰੀਖਿਆ ਸਮੇ ਦੌਰਾਨ ਪ੍ਰੀਖਿਆ ਕੇਂਦਰ ਤੋ 200 ਮੀਟਰ ਦੇ ਅੰਦਰ ਜਾਣ ਜਾਂ ਇਕੱਠੇ ਹੋਣ ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।

ਸ੍ਰੀ ਅਗਰਵਾਲ ਨੇ ਆਪਣੇ ਹੁਕਮਾਂ ਵਿੱਚ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਸਰਕਾਰ ਵੱਲੋ ਮਹਿਕਮਾ ਮਾਲ ਵਿੱਚ ਪਟਵਾਰੀਆ ਦੀ ਭਰਤੀ ਸਬੰਧੀ ਮਿਤੀ 08-08-2021 ਨੂੰ ਪ੍ਰੀਖਿਆ ਲਈ ਜਾ ਰਹੀ ਹੈ। ਇਸ ਪ੍ਰੀਖਿਆ ਸਬੰਧੀ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਏਰੀਆ ਅੰਦਰ ਵੱਖ ਵੱਖ ਥਾਵਾਂ ਤੇ ਪ੍ਰੀਖਿਆ ਕੇਦਰ ਨਿਰਧਾਰਤ ਕੀਤੇ ਗਏ ਹਨ। ਇਸ ਪ੍ਰੀਖਿਆ ਨੂੰ ਸ਼ਾਤੀ ਪੂਰਵਕ ਨਿਪਰੇ ਚਾੜਨ ਲਈ ਅਤੇ ਬਿਨ੍ਹਾਂ ਕਿਸੇ ਦਖਲ ਅੰਦਾਜੀ ਦੇ ਸਬੰਧਤ ਕੇਦਰਾਂ ਦੇ ਇਰਦ ਗਿਰਦ ਵਿਆਪਕ ਪ੍ਰਬੰਧ ਕਰਨ ਦੀ ਜਰੂਰਤ ਹੈ, ਤਾਂ ਜੋ ਪ੍ਰੀਖਿਆ ਕੇਦਰਾਂ ਦੇ ਇਰਦ ਗਿਰਦ ਆਮ ਪਬਲਿਕ ਆਦਿ ਇਕੱਠੇ ਨਾ ਹੋ ਸਕਣ ਅਤੇ ਕੋਈ ਅਜਿਹੀ ਅਣ-ਸੁਖਾਵੀ ਘਟਨਾ ਨਾ ਵਾਪਰੇ ਜਿਸ ਨਾਲ ਪ੍ਰੀਖਿਆ ਦੀ ਪਵਿੱਤਰਤਾ ਭੰਗ ਹੋਵੇ।

## ਸੰਤ ਈਸਰ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਜਾਗਦੇ ਰਹੋ ਕਲੱਬ ਪਟਿਆਲਾ ਨੇ ਖੂਨਦਾਨ ਕੈਂਪ ਲਗਾਇਆ



**ਪਟਿਆਲਾ,ਘਨੌਰ/ਸਰਦਾਰਾ ਸਿੰਘ ਲਾਛੜੂ**

ਮਹਾਨ ਤਪੱਸਵੀ ਸੰਤ ਈਸਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ ਮੌਕੇ ਗੁ: ਈਸਰਸਰ ਸਾਹਿਬ ਆਲੋਵਾਲ ਵਿਖੇ, ਹੋਏ ਸਲਾਨਾ ਸਮਾਗਮ ਮੌਕੇ ਜਾਗਦੇ ਰਹੋ ਕਲੱਬ ਪਟਿਆਲਾ ਨੇ ਬਸੰਤ ਰਿਤੂ ਯੂਥ ਕਲੱਬ ਅਤੇ ਸਹੀਦ ਭਗਤ ਸਿੰਘ ਯੂਥ ਕਲੱਬ ਕਾਠਮੱਠੀ ਦੇ ਸਹਿਯੋਗ ਨਾਲ ਪਿੰਡ ਆਲੋਵਾਲ ਦੀ ਧਰਮਸਾਲਾ ਵਿੱਚ ਖੂਨਦਾਨ ਕੈਂਪ ਲਗਾਇਆ ।ਇਹ ਖੂਨਦਾਨ ਕੈਂਪ ਕਲੱਬ ਦੇ ਚੇਅਰਮੈਨ ਹਰਫੂਲ ਸਿੰਘ ਬੋਸਰਕਲਾ, ਸੰਜੀਵ ਸਰਮਾ ਸਨੌਰ, ਹਰਜੀਤ ਸਿੰਘ ਕਾਠਮੱਠੀ, ਹਰਜੀਤ ਸਿੰਘ ਕਨਸੂਹਾ, ਅਮਰਜੀਤ ਸਿੰਘ ਭਾਂਖਰ, ਜਗਰੂਪ ਸਿੰਘ ਪੰਜੌਲਾ, ਕਰਨਵੀਰ ਸਿੰਘ ਰਾਣਾ, ਹਰਕ੍ਰਿਸਨ ਸਿੰਘ ਸੁਰਜੀਤ ਅਤੇ ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ। ਇਸ ਮੌਕੇ ਕ੍ਰਿਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਜਾਗਦੇ ਰਹੋ ਕਲੱਬ ਪਟਿਆਲਾ ਦੇ ਕਾਰਜ ਸਲਾਘਾਯੋਗ ਹਨ ।ਕਾਫੀ ਲੰਮੇ ਸਮੇਂ ਤੋਂ ਕਲੱਬ ਸਮਾਜ ਸੇਵਾ ਦੇ ਖੇਤਰ ਵਿੱਚ ਆਪਣੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਖੂਨਦਾਨ ਮਹਾਂਦਾਨ ਹੈ,ਤੁਹਾਡਾ ਦਿੱਤਾ ਹੋਇਆ ਖੂਨ ਕਈ ਅਨਮੋਲ ਜੀਂਦਗੀਆਂ ਬਚਾਉਣ ਵਿੱਚ ਸਹਾਈ ਹੁੰਦਾ ਹੈ। ਖੂਨ ਮਨੁੱਖੀ ਸਰੀਰ ਅੰਦਰ ਕੁਦਰਤੀ ਰੂਪ ਵਿਚ ਤਿਆਰ ਹੁੰਦਾ ਹੈ, ਇਸ ਨੂੰ ਬਨਾਉਟੀ ਢੰਗ ਨਾਲ ਤਿਆਰ ਨਹੀਂ ਕੀਤਾ ਜਾ ਸਕਦਾ,ਜੋ ਕਿ ਹਰੇਕ ਤੰਦਰੁਸਤ ਇਨਸਾਨ ਨੂੰ ਹਰ ਤਿੰਨ ਮਹੀਨੇ ਬਾਅਦ ਖੂਨਦਾਨ ਕਰਨਾ ਚਾਹੀਦਾ ਹੈ। ਲਖਵੀਰ ਸਿੰਘ ਲੌਟ ਮੈਂਬਰ ਪੀ.ਏ.ਸੀ.ਨੇ ਕਿਹਾ ਕਿ ਸੰਤ ਈਸਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ ਦੀ ਖੁਸੀ ਵਿੱਚ ਖੂਨਦਾਨ ਕੈਪ ਲਗਾਇਆ ਗਿਆ ਸੀ ।ਇਹੋ ਜਿਹੇ ਸੁਭ ਕਾਰਜਾ ਮੌਕੇ ਖੂਨਦਾਨ ਕੈਂਪ ਲਗਾਉਣੇ ਚੰਗੇ ਕਾਰਜ ਹਨ ।ਪ੍ਰਮੋਦ ਕੁਮਾਰ ਸਰਪੰਚ ਆਲੋਵਾਲ ਨੇ ਖੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਕਿਰਪਾਲ ਸਿੰਘ ਬਡੂੰਗਰ, ਲਖਵੀਰ ਸਿੰਘ ਲੌਟ,ਕਰਨੈਲ ਸਿੰਘ ਆਲੋਵਾਲ, ਹਰਫੂਲ ਸਿੰਘ ਭੰਗੂ ਸਾਬਕਾ ਸਰਕਲ ਜਥੇਦਾਰ ਆਲੋਵਾਲ, ਜਾਗਦੇ ਰਹੋ ਕਲੱਬ ਦੇ ਚੇਅਰਮੈਨ ਹਰਫੂਲ ਸਿੰਘ ਭੰਗੂ, ਸੰਜੀਵ ਸਰਮਾ ਸਨੌਰ, ਹਰਜੀਤ ਸਿੰਘ ਕਾਠਮੱਠੀ, ਹਰਜੀਤ ਸਿੰਘ ਕਨਸੂਹਾ, ਦੀਦਾਰ ਸਿੰਘ ਬੋਸਰਕਲਾ, ਜਗਰੂਪ ਸਿੰਘ ਪੰਜੌਲਾ, ਲਖਵਿੰਦਰ ਸਿੰਘ ਬਡਲਾ, ਤੇਜਿੰਦਰ ਸਿੰਘ ਮੰਡੌਰ,ਸਾਹਿਲ ਗੌਇਲ ਜੁਆਇੰਟ ਸੈਕਟਰੀ ਆਦਿ ਵਿਸੇਸ ਤੌਰ ਤੇ ਹਾਜਰ ਸਨ।

## ਸ਼ਾਤੀ ਦੇਵੀ ਆਰੀਆ ਮਹਿਲਾ ਕਾਲਜ ’ਚ ਵਿਦਿਆਰਥਣਾਂ ਨੂੰ ਲਗਾਈ ਗਈ ਕੋਰੋਨਾ ਵੈਕਸੀਨ

**ਦੀਨਾਨਗਰ /ਡਾ.ਰਮੇਸ਼ ਸਰੰਗਲ**



ਸਾਂਤੀ ਦੇਵੀ ਆਰੀਆ ਮਹਿਲਾ ਕਾਲਜ ਦੀਨਾਨਗਰ ਦੇ ਸਾਇੰਸ , ਐਨਐਸਐਸ ਅਤੇ ਐਨਸੀਸੀ ਵਿਭਾਗ ਵੱਲੋਂ ਪ੍ਰਿੰਸੀਪਲ ਡਾ: ਗੀਨਾ ਤਲਵਾੜ ਦੀ ਪ੍ਰਧਾਨਗੀ ਹੇਠ ਇੱਕ ਕੋਵਿਡ -19 ਟੀਕਾਕਰਨ ਕੈਂਪ ਲਗਾਇਆ ਗਿਆ । ਇਸ ਦੌਰਾਨ ਸਿਵਲ ਹਸਪਤਾਲ ਦੀਨਾਨਗਰ ਤੋਂ 4 ਮੈਂਬਰਾਂ ਦੀ ਟੀਮ ਜਿਨ੍ਹਾਂ ਵਿੱਚੋਂ ਬਲਵਿੰਦਰ ਕੌਰ (ਏਐਨਐਮ), ਨਰੇਂਦਰ ਕੌਰ (ਏਐਨਐਮ), ਸੁਮਿਤ ਮਹਾਜਨ (ਬੀਐਲਓ) ਅਤੇ ਸ੍ਰੀ ਰਿਤਿਕ ਸਰਮਾ (ਐਂਟਰੀ ਆਪਰੇਟਰ) ਨੇ ਸਟਾਫ ਮੈਂਬਰਾਂ, ਅਧਿਆਪਕਾਂ ਨੂੰ ਗੈਰ ਨਾਨ ਟੀਚਿੰਗ ਅਤੇ ਵਿਦਿਆਰਥੀਆਂ ਨੂੰ 100 ਦੇ ਕਰੀਬ ਕੋਵਿਡ ਦੀ ਡੋਜ ਲਗਾਈ ਗਈ। ਕਾਲਜ ਪ੍ਰਿੰਸੀਪਲ ਨੇ ਦੱਸਿਆ ਕਿ ਇਹ ਡੋਜ ਲਗਾਉਣ ਦਾ ਇੱਕੋ ਇੱਕ ਮਕਸਦ ਹੈ ਕਿ ਕਾਲਜ ਆਉਣ ਵਾਲੇ ਵਿਦਿਆਰਥੀ ਸੁਰੱਖਿਅਤ ਰਹਿਣ ਅਤੇ ਨਾਲ ਹੀ ਸਰਕਾਰ ਵਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕੀਤੀ ਜਾ ਸਕੇ। ਇਸ ਦੌਰਾਨ ਕਾਲਜ ਦਾ ਸਮੂਹ ਸਟਾਫ ਵੀ ਹਾਜਰ ਸੀ।





# ਪਾਕ ਕੱਟਰਪੰਥੀ ਬਾਜ ਨਹੀਂ ਆਏ ਤਾਂ ਹਿੰਦੂ ਸਮਾਜ ਸ਼ਾਂਤ ਨਹੀਂ ਬੈਠੇਗਾ : ਦੀਪਕ ਛਾਬੜਾ

**ਕਪੂਰਥਲਾ/ਪਰਮਜੀਤ ਸੰਨੀ**

ਪਾਕਿਸਤਾਨੀ ਪੰਜਾਬ ਵਿੱਚ ਕੱਟਰਪੰਥੀਆਂ ਦੀ ਭੀੜ ਵਲੋਂ ਭਗਵਾਨ ਗਣੇਸ਼ ਮੰਦਿਰ ਵਿੱਚ ਦੇਵੀ-ਦੇਵਤਾਵਾਂ ਦੀਆਂ ਮੂਰਤੀਆਂ ਨੂੰ ਤੋੜਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਸ਼ਿਵ ਸੈਨਾ ਹਿੰਦ ਯੂਥ ਵਿੰਗ ਦੇ ਰਾਸ਼ਟਰੀ ਉਪਪ੍ਰਧਾਨ ਦੀਪਕ ਛਾਬੜਾ ਨੇ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਕਿਸਤਾਨ ਨੂੰ ਉੱਥੇ ਦੇ ਧਾਰਮਿਕ ਘੱਟ ਗਿਣਤੀ ਲੋਕਾ ਦੇ ਪ੍ਰਤੀ ਮੁਸਲਮਾਨ ਕੱਟਰਪੰਥੀਆਂ ਵਲੋਂ ਕੀਤੇ ਜਾ ਰਹੇ ਅਤਿਆਚਾਰਾਂ ਨੂੰ ਰੋਕਨਾ ਚਾਹੀਦਾ ਹੈ।ਪਾਕਿਸਤਾਨ ਦੇ ਹਿੰਦੂ,ਸਿੱਖ,ਬੋਧੀ, ਈਸਾਈ ਆਦਿ ਧਾਰਮਿਕ ਘੱਟ ਗਿਣਤੀ ਲੋਕਾ ਦੇ ਪ੍ਰਤੀ 70 ਸਾਲਾਂ ਤੋਂ ਲਗਾਤਾਰ ਨਾਲ ਕੀਤੇ ਜਾਣ ਵਾਲੇ ਧਰਮਾਂਤਰਣ, ਜ਼ੁਲਮ ਅਤੇ ਹੱਤਿਆਵਾਂ ਜੱਗ ਜਾਹਿਰ ਹਨ।ਦੀਪਕ ਛਾਬੜਾ ਨੇ ਕਿਹਾ ਕਿ ਅਜਿਹੇ ਹਮਲੇ ਜੇਕਰ ਭਵਿੱਖ ਵਿੱਚ ਵੀ ਪਾਕ ਕੱਟਰਪੰਥੀਆਂ ਨੇ ਜਾਰੀ ਰੱਖੇ ਤਾਂ ਹਿੰਦੂ ਸਮਾਜ ਸ਼ਾਂਤ ਨਹੀਂ ਬੈਠੇਗਾ।ਅਜਿਹੀਆਂ ਘਟਨਾਵਾਂ ਪਾਕਿਸਤਾਨ ਦੀ ਦੋਗਲੀ ਨੀਤੀ ਦਾ ਹਿੱਸਾ ਹਨ।ਪਾਕਿਸਤਾਨ ਵਿੱਚ ਪਿਛਲੇ ਕੁੱਝ ਸ਼ਮੇ ਤੋਂ ਘੱਟ ਗਿਣਤੀ ਵਿਸ਼ੇਸ਼ ਕਰਕੇ ਹਿੰਦੂਆਂਅਤੇ ਸਿੱਖਾਂ ਉੱਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ।ਹਿੰਦੂ ਮੰਦਿਰਾਂ ਨੂੰ ਤੋੜਿਆ ਜਾ ਰਿਹਾ ਹੈ।ਹਿੰਦੂਆ ਦੀਆਂ ਬੱਚੀਆਂ ਦੇ ਨਾਲ ਕੁਕਰਮ ਕੀਤੇ ਜਾ ਰਹੇ ਹਨ।ਪਾਕਿਸਤਾਨ ਵਿੱਚ ਕੱਟਰਪੰਥੀਆਂ ਵਲੋਂ ਸਰਕਾਰ ਦੀ ਸ਼ਹਿ ਤੇ ਮੰਦਿਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਹਿੰਦੂ ਬੇਟੀਆਂ-ਭੈਣਾਂ ਦਾ ਜਬਰਨ ਧਰਮ ਤਬਦੀਲੀ ਕਰਵਾਕੇ ਮੁਸਲਮਾਨ ਮੁੰਡੀਆਂ ਦੇ ਨਾਲ ਉਨ੍ਹਾਂ ਦੇ ਵਿਆਹ ਕਰਵਾਏ ਜਾ ਰਹੇ ਹਨ।ਇਨ੍ਹਾਂ ਘਟਨਾਵਾਂ ਦੇ ਕਾਰਨ ਉੱਥੇ ਹਿੰਦੂ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।ਸ਼ਿਵ ਸੈਨਾ ਹਿੰਦ ਯੂਥ ਵਿੰਗ ਪਾਕਿਸਤਾਨ ਸਰਕਾਰ ਤੋਂ ਮੰਗ ਕਰਦੀ ਹੈ ਕਿ ਮੰਦਿਰ ਤੇ ਹਮਲਾ ਕਰਣ ਵਾਲੇ ਸ਼ਰਾਰਤੀ ਅਨਸਰਾਂ ਦੇ ਖਿਲਾਫ ਤੁਰੰਤ ਕਾਰਵਾਈ ਕਰਕੇ ਸੱਜਾ ਦਿੱਤੀ ਜਾਵੇ।ਕਿਉਂਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਦੇ ਕਾਰਨ ਦੋਨਾਂ ਦੇਸ਼ਾਂ ਵਿੱਚ ਤਨਾਵ ਵਾਲੀ ਹਾਲਤ ਪੈਦਾ ਹੋ ਸਕਦੀ ਹੈ।ਉਨ੍ਹਾਂਨੇ ਚਿਤਾਵਨੀ ਦਿੱਤੀ ਕਿ ਪਾਕਿਸਤਾਨ ਸਰਕਾਰ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਨੁਕੇਲ ਪਾਉਣ ਵਿੱਚ ਨਾਕਾਮ ਰਹਿੰਦੀ ਹੈ ਤਾਂ ਸ਼ਿਵ ਸੈਨਾ ਹਿੰਦ ਯੂਥ ਵਿੰਗ ਵੀ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵੇਗੀ।ਇਸ ਮੌਕੇ ਪ੍ਰਦੇਸ਼ ਉਪ ਪ੍ਰਧਾਨ ਸੰਜੀਵ ਕੁਮਾਰ ਸੋਨੂੰ,ਜਿਲਾ ਪ੍ਰਧਾਨ ਸਾਹਿਲ ਤਲਵਾੜ,ਯੂਥ ਨੇਤਾ ਵੰਸ਼ ਛਾਬੜਾ,ਸੰਜੈ ਗੁਪਤਾ ਆਦਿ ਮੌਜੂਦ ਸਨ।

# ਪਿੰਡ ਰੋੜੇਵਾਲ ਗੁਰਦੁਆਰਾ ਸਾਹਿਬ ਵਿਖੇ 100 ਪੌਦੇ ਲਗਾਏ



**ਪਟਿਆਲਾ/ਜਗਦੀਸ ਰਾਈਕਾ**

ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਨਹਿਰੂ ਯੂਵਾ ਕੇਂਦਰ ਪਟਿਆਲਾ ਅਤੇ ਕੁਤਬਨਪੁਰ ਨਰਸਰੀ ਦੇ ਸਹਿਯੋਗ ਨਾਲ ਪਿੰਡ ਰੁੜੇਵਾਲ ਦੇ ਗੁਰਦੁਆਰਾ ਸਾਹਿਬ ਵਿਖੇ ਵਣ ਮਹਾ ਉਤਸਵ ਆਯੋਜਿਤ ਕੀਤਾ ਗਿਆ ਅਤੇ ਗੁਰਦੁਆਰਾ ਸਾਹਿਬ ਵਿਖੇ 100 ਛਾਂਦਾਰ ਪੌਦੇ ਲਗਾਏ ਗਏ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਅਤੇ ਸੰਸਥਾਪਕ ਰਾਜੇਸ਼ ਸ਼ਰਮਾ ਦੀ ਸਰਪ੍ਰਸਤੀ ਹੇਠ ਸੰਤ ਬਾਬਾ ਗੁਰਚਰਨ ਦਾਸ ਜੀ ਨੇ ਨਿੰਮ ਦਾ ਪੌਦਾ ਲਗਾ ਕੇ ਵਣ ਮਹਾ ਉਤਸਵ ਦਾ ਉਦਘਾਟਨ ਕੀਤਾ ਅਤੇ ਉਹਨਾਂ ਆਖਿਆ ਕਿ ਬਸੰਤ ਰਿਤੂ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਪਿੰਡਪਿੰਡ ਜਾ ਕੇ ਛਾਂਦਾਰ ਅਤੇ ਫੱਲਦਾਰ ਪੌਦੇ ਲਗਾਏ ਜਾ ਰਹੇ ਹਨ। ਉਹ ਇੱਕ ਸ਼ਲਾਘਾਯੋਗ ਕਦਮ ਹੈ ਅਤੇ ਸਾਨੂੰ ਵਾਤਾਵਰਨ ਨੂੰ ਬਚਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਅਖਿਆ ਕਿ ਗੁਰਦੁਆਰਾ ਸਾਹਿਬ ਵਿਖੇ ਪਿੱਪਲ, ਨਿੰਮ, ਬਰੋਟਾ, ਧੱਕ ਆਦਿ 100 ਪੌਦੇ ਲਗਾਏ ਗਏ।

ਗੁਰਦੁਆਰਾ ਸਾਹਿਬ ਦੇ ਸੇਵਕ ਮਨਜੀਤ ਸਿੰਘ ਨੇ ਆਖਿਆ ਕਿ ਕਲੱਬ ਵੱਲੋਂ ਲਗਾਏ ਗਏ 100 ਪੌਦਿਆਂ ਦੀ ਸੰਭਾਲ ਗੁਰਦੁਆਰਾ ਸਾਹਿਬ ਦੀ ਸੰਗਤ ਕਰੇਗੀ। ਇਸ ਪ੍ਰੋਗਰਾਮ ਵਿੱਚ ਅਮਰਜੀਤ ਸਿੰਘ ਲੰਗ, ਅਵਤਾਰ ਸਿੰਘ, ਜਗਤਾਰ ਸਿੰਘ ਆਦਿ ਹਾਜਰ ਸਨ।

# ਟਿੱਕਾ ਵੱਲੋਂ ਮੁੱਖ ਸਕੱਤਰ ਨੂੰ ਲੁਧਿਆਣਾ ਦੇ ਸਾਈਕਲ ਆਰ. ਐਂਡ ਡੀ. ਸੈਂਟਰ ਨੂੰ ਸਾਈਕਲ ਤਕਨਾਲੋਜੀ ਲਈ ਅੰਤਰਰਾਸ਼ਟਰੀ ਕੇਂਦਰ ਵਿੱਚ ਅਪਗ੍ਰੇਡ ਕਰਨ ਦੀ ਤੁਰੰਤ ਲੋੜ ਬਾਰੇ ਸੌਂਪਿਆ ਮੰਗ ਪੱਤਰ

**ਲੁਧਿਆਣਾ/ਕਰਨ ਅਗਰਵਾਲ**

ਪੰਜਾਬ ਮੀਡੀਅਮ ਇੰਡਸਟਰੀਅਲ ਡਿਵੈਲਪਮੈਂਟ ਬੋਰਡ (ਪੀ.ਐਮ.ਆਈ.ਡੀ.ਬੀ.) ਦੇ ਚੇਅਰਮੈਨ ਸ.ਅਮਰਜੀਤ ਸਿੰਘ ਟਿੱਕਾ ਵੱਲੋਂ ਅੱਜ ਆਲ ਇੰਡੀਆ ਸਾਈਕਲ ਨਿਰਮਾਤਾ ਐਸੋਸੀਏਸ਼ਨ ਦੇ ਪ੍ਰਧਾਨ ਸ. ਓਂਕਾਰ ਸਿੰਘ ਪਾਹਵਾ ਦੇ ਨਾਲ ਮੁੱਖ ਸਕੱਤਰ ਸ੍ਰੀਮਤੀ ਵਿਨੀ ਮਹਾਜਨ ਨਾਲ ਮੁਲਾਕਾਤ ਕੀਤੀ ਅਤੇ ਲੁਧਿਆਣਾ ਦੇ ਸਾਈਕਲ ਆਰ. ਐਂਡ ਡੀ. ਸੈਂਟਰ ਨੂੰ ਸਾਈਕਲ ਤਕਨਾਲੋਜੀ ਲਈ ਅੰਤਰਰਾਸ਼ਟਰੀ ਕੇਂਦਰ ਵਿੱਚ ਅਪਗ੍ਰੇਡ ਕਰਨ ਦੀ ਤੁਰੰਤ ਜ਼ਰੂਰਤ ਬਾਰੇ ਇੱਕ ਮੰਗ ਪੱਤਰ ਸੌਂਪਿਆ।

ਮੁੱਖ ਸਕੱਤਰ ਨਾਲ ਮੀਟਿੰਗ ਵਿੱਚ ਸ. ਟਿੱਕਾ ਨੇ ਕਿਹਾ ਕਿ ਸਾਈਕਲ ਤਕਨਾਲੋਜੀ ਲਈ ਇੰਟਰਨੈਸ਼ਨਲ ਸੈਂਟਰ ਫਾਰ ਸਾਈਕਲ ਤਕਨਾਲੋਜੀ ਵਿਸ਼ਵ ਪੱਧਰੀ ਅਤੇ ਸਕੇਲ ਨਿਰਮਾਣ ਦੇ ਯੁਗ ਦੀ ਸੁਰੂਆਤ ਕਰੇਗਾ ਜਿਸਦੇ ਤਹਿਤ 2025 ਤੱਕ 50 ਮਿਲੀਅਨ ਸਾਈਕਲਾਂ ਪ੍ਰਤੀ ਸਾਲ ਤਿਆਰ ਕੀਤੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਇਸਦਾ ਉਦੇਸ਼ ਨਾ ਸਿਰਫ ਪਾੜੇ ਨੂੰ ਦੂਰ ਕਰਨਾ ਹੈ, ਬਲਕਿ ਸਾਈਕਲ ਡਿਜ਼ਾਈਨ, ਵਿਕਾਸ ਅਤੇ ਪ੍ਰਦਰਸ਼ਨ, ਟੈਸਟਿੰਗ ਅਤੇ ਪ੍ਰਮਾਣੀਕਰਣ, ਐਡਿਟਿਵ ਨਿਰਮਾਣ (ਡਿਜੀਟਲ, ਐਲਓਟੀ ਅਤੇ 3 ਡੀ ਪ੍ਰਿੰਟਰ, ਆਦਿ) ਲਈ ਕੇਂਦਰ ਨੂੰ ਵਿਸ਼ਵ ਪੱਧਰੀ ਬਣਾਉਣਾ ਹੈ। ਉਨ੍ਹਾਂ ਮੁੱਖ ਸਕੱਤਰ ਨੂੰ ਬੇਨਤੀ ਕੀਤੀ ਕਿ ਉਹ ਪ੍ਰਸਤਾਵ 'ਤੇ ਵਿਚਾਰ ਕਰਨ ਅਤੇ ਇਹ ਮੁੱਦਾ ਭਾਰਤ ਸਰਕਾਰ ਕੋਲ ਚੁੱਕਣ।



# ਹਿਮਾਚਲ ਪ੍ਰਦੇਸ ਸਰਕਾਰ ਵੱਲੋਂ ਸਾਉਣ ਅਸਟਮੀ ਨਰਾਤਿਆਂ ਮੌਕੇ ਆਉਣ ਵਾਲੇ ਸ਼ਰਧਾਲੂਆਂ ਲਈ ਦਿਸਾ ਨਿਰਦੇਸ ਜਾਰੀ

**ਸੰਗਰੂਰ/ਵਰਮਾ**

ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਕੋਵਿਡ 19 ਦੇ ਵਧ ਰਹੇ ਮਾਮਲਿਆਂ ਨੂੰ ਦੇਖਦਿਆਂ ਕੋਰੋਨਾ ਵਾਇਰਸ ਦੀ ਕੜੀ ਨੂੰ ਤੋੜਨ ਲਈ ਸੂਬਾ ਆਫਤ ਪ੍ਰਬੰਧਨ ਐਕਟ ਦੇ ਤਹਿਤ ਸਾਉਣ ਅਸ਼ਟਮੀ ਨਰਾਤਿਆਂ ਦੇ ਸੰਬੰਧ ਵਿਚ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ ਜਿਨ੍ਹਾਂ ਦੀ ਪਾਲਣਾ ਕਰਨਾ ਸਰਧਾਲੂਆਂ ਲਈ ਲਾਜਮੀ ਹੋਵੇਗਾ। ਇਹ ਜਾਣਕਾਰੀ ਡਿਪਟੀ ਕਮਿਸਨਰ ਸ੍ਰੀ ਰਾਮਵੀਰ ਨੇ ਦਿੱਤੀ।



ਉਨ੍ਹਾਂ ਦੱਸਿਆ ਕਿ 9 ਅਗਸਤ ਤੋਂ 17 ਅਗਸਤ 2021 ਤਕ ਚੱਲਣ ਵਾਲੇ ਇਸ ਮੇਲੇ ਦੌਰਾਨ ਵੱਡੀ ਗਿਣਤੀ ਲੋਕਾਂ ਦੇ ਇਕੱਠੇ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਸਮਰੱਥ ਅਧਿਕਾਰੀ ਵੱਲੋਂ ਜਾਰੀ ਹੁਕਮਾਂ ਅਨੁਸਾਰ ਮੇਲਾ ਅਫਸਰ ਅਤੇ ਪੁਲੀਸ ਮੇਲਾ ਅਫਸਰ 'ਮਾਸਕ ਨਹੀਂ ਤਾਂ ਦਰਸ਼ਨ ਨਹੀਂ' ਪਾਲਸੀ ਯਕੀਨੀ ਬਣਾਉਣਗੇ ਅਤੇ ਮਾਸਕ ਤੋਂ ਬਗੈਰ ਕੋਈ ਸਰਧਾਲੂ ਦਰਸਨਾਂ ਲਈ ਅੰਦਰ ਨਹੀ ਜਾ ਸਕਣਗੇ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਉਚਿਤ ਸਮਾਜਿਕ ਦੂਰੀ ਦੇ ਸਿਧਾਂਤ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।ਉਨ੍ਹਾਂ ਦੱਸਿਆ ਕਿ ਮੰਦਰ 'ਚ ਦਾਖਲ ਹੋਣ ਮੌਕੇ ਸ਼ਰਧਾਲੂਆਂ ਦਾ ਤਾਪਮਾਨ ਜਾਂਚਣ ਅਤੇ ਉਨ੍ਹਾਂ ਦੇ ਹੱਥਾਂ ਨੂੰ ਸੇਂਨੇਟਾਈਜ਼ ਕਰਨ ਦੇ ਮੁਕੰਮਲ ਪ੍ਰਬੰਧ ਹੋਣਗੇ।ਹੁਕਮਾਂ ਅਨੁਸਾਰ ਦਰਸ਼ਨਾਂ ਲਈ ਆਉਣ ਬਾਰੇ ਸ਼ਰਧਾਲੂਆਂ ਕੋਲ ਕੋਰੋਨਾ ਵੈਕਸੀਨ ਦੀਆਂ ਦੋਨੋਂ ਖੁਰਾਕਾਂ ਲੱਗੇ ਹੋਣ ਦਾ ਸਰਟੀਫਿਕੇਟ ਜਾਂ ਸਮਰੱਥ ਲੈਬੋਰੇਟਰੀ ਤੋਂ ਪਿਛਲੇ 72 ਘੰਟਿਆਂ ਅੰਦਰ ਹੋਈ ਆਰ ਟੀ ਪੀ ਸੀ ਆਰ ਨੈਗੇਟਿਵ ਰਿਪੋਰਟ ਹੋਣੀ ਲਾਜ਼ਮੀ ਹੈ। ਜੇਕਰ ਕੋਈ ਵਿਅਕਤੀ ਰਿਪੋਰਟ ਦੇ ਸਬੰਧ ਵਿੱਚ ਕੋਈ ਧੋਖਾ ਕਰਦਾ ਹੈ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

PB 32 LOUNGE AND BAR




M-85569-55644, 7888534947
CHD ROAD, Nawanshahr Mandi,
Nawanshahr - 144514, NEAR SUTLEJ CINEMA

# ਨਸ਼ੇ ਦੀ ਆਦਤ ,ਬਣ ਸਕਦੀ ਹੈ ਘਾਤਕ : ਡਾ: ਸੋਨੀਆ ਕਪੂਰ

**ਅੰਮ੍ਰਿਤਸਰ/ਲੋਕ ਬਾਣੀ**

ਇਕ ਸਰਵੇਖਣ ਦੇ ਅਨੁਸਾਰ ,ਰਾਸਟਰੀ ਪੱਧਰ ‘ਤੇ 10 ਤੋਂ 75 ਸਾਲ ਦੀ ਉਮਰ ਦੇ ਲਗਭਗ 14.6 ਫੀਸਦੀ (ਭਾਵ ਲਗਭਗ 16 ਕਰੋੜ ਲੋਕ) ਸਰਾਬ ਦਾ ਸੇਵਨ ਕਰਦੇ ਹਨ।ਅਲਕੋਹਲ ਅਤੇ ਨਾਜਾਇਜ ਨਸੀਲੇ ਪਦਾਰਥਾਂ ਦੀ ਵਰਤੋਂ ਕੁਝ ਸਾਲਾਂ ਵਿੱਚ ਸਾਡੇ ਦੇਸ ਵਿੱਚ ਇੱਕ ਨਵੇਂ ਅਤੇ ਵੱਡੇ ਖਤਰੇ ਵਜੋਂ ਉੱਭਰੀ ਹੈ। ਨੌਜਵਾਨ ਪੀੜ੍ਹੀ ਵਿੱਚ ਨਸਿਆਂ ਦਾ ਖਤਰਾ ਪੂਰੀ ਦੁਨੀਆ ਵਿੱਚ ਵਧ ਰਿਹਾ ਹੈ ਅਤੇ ਭਾਰਤ ਵੀ ਇਸ ਤੋਂ ਬਾਹਰ ਨਹੀਂ ਹੈ। ਨਸਾ ਬਹੁਤ ਮਾੜਾ ਹੈ। ਨਸਾਖੋਰੀ ਇਕ ਘਾਤਕ ਸਮਸਿਆ ਹੈ। ਇਸ ਲਈ ਹਰ ਕਿਸੇ ਨੂੰ ਹਮੇਸਾਂ ਇਸ ਦੀ ਆਦਤ ਤੋਂ ਦੂਰ ਰਹਿਣਾ ਚਾਹੀਦਾ ਹੈ। ਪਹਿਲਾਂ ਸਿਰਫ ਲੋਕ ਸਰਾਬ ਦੇ ਆਦੀ ਸਨ, ਪਰ ਹੁਣ ਲੋਕ ਨਸੇ ਦੀ ਲਪੇਟ ਵਿੱਚ ਆ ਰਹੇ ਹਨ ਜਿਵੇਂ ਅਫੀਮ, ਬਰਾ, ਗਾਂਜਾ, ਸਮੈਕ, ਹੈਰੋਇਨ ਆਦਿ। ਨੌਜਵਾਨਾਂ ਨੂੰ ਨਸਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਇੱਕ ਵਿਅਕਤੀ ਨਸਾ ਕਰਕੇ ਤਬਾਹ ਹੋ ਜਾਂਦਾ ਹੈ। ਇਹ ਵਿਚਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖੇਡ ਵਿਭਾਗ ਵਿੱਚ ਕੰਮ ਕਰਦੇ ਡਾ: ਸੋਨੀਆ ਕਪੂਰ ਨੇ ਡੀਏਵੀ ਕਾਲਜ, ਅੰਮ੍ਰਿਤਸਰ ਦੇ ਜੀਵ ਵਿਗਿਆਨ ਵਿਭਾਗ ਵੱਲੋਂ ਨਸਿਆਂ ਦੀ ਰੋਕਥਾਮ ਲਈ ਆਯੋਜਿਤ ਵੈਬਿਨਾਰ ਵਿੱਚ ਦਿੱਤੇ। ਪ੍ਰਿੰਸੀਪਲ ਡਾ ਰਾਜੇਸ ਕੁਮਾਰ ਨੇ ਕਿਹਾ ਕਿ ਨਸਾ ਇੱਕ ਸਰਾਪ ਹੈ। ਇਹ ਅਜਿਹੀ ਬੁਰਾਈ ਹੈ ਕਿ ਮਨੁੱਖ ਦੀ ਕੀਮਤੀ ਜੀਂਦਿਗੀ ਅਚਨਚੇਤੀ ਮੌਤ ਦਾ ਸਕਿਾਰ ਹੋ ਜਾਂਦੀ ਹੈ। ਸਰਾਬ, ਗਾਂਜਾ, ਭੰਗ, ਅਫੀਮ, ਜਰਦਾ, ਗੁਟਖਾ, ਤੰਬਾਕੂ ਅਤੇ ਸਿਗਰਟਨੋਸੀ, ਚਰਸ, ਸਮੈਕ, ਵਰਗੀਆਂ ਖਤਰਨਾਕ ਦਵਾਈਆਂ ਅਤੇ ਪਦਾਰਥਾਂ ਦੀ ਵਰਤੋਂ ਸਮਾਜ ਵਿੱਚ ਨਸਾ ਕਰਨ ਲਈ ਕੀਤੀ ਜਾ ਰਹੀ ਹੈ। ਇਨ੍ਹਾਂ ਪਦਾਰਥਾਂ ਦੀ ਖਪਤ ਵਿਅਕਤੀ ਨੂੰ ਸਰੀਰਕ,ਮਾਨਸਿਕ ਅਤੇ ਆਰਥਿਕ ਨੁਕਸਾਨ ਪਹੁੰਚਾਉਂਦੀ ਹੈ ਅਤੇ ਨਾਲ ਹੀ ਸਮਾਜਿਕ ਵਾਤਾਵਰਣ ਨੂੰ ਪ੍ਰਦੂਸਤਿ ਕਰਦੀ ਹੈ। ਇਸਦੇ ਨਾਲ, ਆਪਣੇ ਅਤੇ ਪਰਿਵਾਰ ਦੀ ਸਮਾਜਿਕ ਸਥਿਤੀ ਨੂੰ ਵੀ ਨੁਕਸਾਨ ਪਹੁੰਚਦਾ ਹੈ। ਉਹ ਨਸਾ ਤੋਂ ਅਪਰਾਧ ਵੱਲ ਮੁੜਦਾ ਹੈ। ਇਸ ਨੂੰ ਸਮੇਂ ਸਿਰ ਰੋਕਿਆ ਜਾਣਾ ਚਾਹੀਦਾ ਹੈ। ਜੂਆਲੋਜੀ ਵਿਭਾਗ ਦੀ ਮੁਖੀ ਡਾ: ਰਜਨੀ ਖੰਨਾ ਨੇ ਕਿਹਾ ਕਿ ਨਸਾ ਹੁਣ ਇੱਕ ਅੰਤਰਰਾਸਟਰੀ ਅਤੇ ਗੰਭੀਰ ਸਮੱਸਿਆ ਬਣ ਗਿਆ ਹੈ। ਇਹ ਬੱਚਿਆਂ ਤੋਂ ਲੈ ਕੇ ਬਜੁਰਗਾਂ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਜਾ ਰਿਹਾ ਹੈ। ਮਨੁੱਖੀ ਸਮਾਜ ਲਈ ਸਮੇਂ ਸਿਰ ਇਸ ਸਰਾਪ ਤੋਂ ਛੁਟਕਾਰਾ ਪਾਉਣਾ ਹੀ ਚੰਗਾ ਹੈ। ਇਸ ਮੌਕੇ ਡਾ: ਨੀਰਜ ਗੁਪਤਾ, ਪ੍ਰੋ: ਰੇਣੂ ਚੌਹਾਨ, ਪ੍ਰੋ: ਨਿਹਿਤਾ ਸਰਮਾ ਅਤੇ ਡਾ: ਹਰਸਿਮਰਨ ਵਿਸੇਸ ਤੌਰ ‘ਤੇ ਹਾਜਰ ਸਨ।




# ਜ਼ਿਲ੍ਹਾ ਪ੍ਰਸ਼ਾਸਨ ਨੇ ਸੂਬਾ ਪੱਧਰੀ ਹੁਨਰ ਮੁਕਾਬਲੇ ਕਰਵਾਏ

- ਪੰਜਾਬ ਹੁਨਰ ਵਿਕਾਸ ਮਿਸ਼ਨ ਦੀਆਂ ਹਦਾਇਤਾਂ ‘ਤੇ ਕਰਵਾਏ ਮੁਕਾਬਲਿਆਂ ਵਿੱਚ 85 ਉਮੀਦਵਾਰਾਂ ਨੇ ਲਿਆ ਹਿੱਸਾ
- ਜੇਤੂ ਉਮੀਦਵਾਰ ਰਾਸ਼ਟਰੀ ਪੱਧਰ ‘ਤੇ ਹੋਣ ਵਾਲੇ ਮੁਕਾਬਲਿਆਂ ਵਿੱਚ ਲੈਣਗੇ ਹਿੱਸਾ
- ਹੁਨਰ ਵਿਕਾਸ ਮਿਸ਼ਨ ਨੌਜਵਾਨਾਂ ਨੂੰ ਆਪਣੇ ਪੈਰਾਂ ‘ਤੇ ਖੜ੍ਹਾ ਹੋਣ ਦੇ ਬਹੁਤ ਵਧੀਆ ਮੌਕੇ ਪ੍ਰਦਾਨ ਕਰ ਰਿਹੈ : ਵਧੀਕ ਡਿਪਟੀ ਕਮਿਸ਼ਨਰ




**ਜਲੰਧਰ/ਰਾਕੇਸ਼ ਵਰਮਾ**

ਪੰਜਾਬ ਹੁਨਰ ਵਿਕਾਸ ਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚ ਸੂਬਾ ਪੱਧਰ ਦੇ ਹੁਨਰ ਮੁਕਾਬਲੇ ਏ.ਪੀ.ਜੇ ਕਾਲਜ ਆਫ ਫਾਈਨ ਆਰਟਸ, ਸੀ. ਟੀ.ਇੰਸਟੀਟਿਊਟ ਅਤੇ ਸੈਂਟਰਲ ਇੰਸਟੀਟਿਊਟ ਆਫ ਹੈਂਡ ਟੂਲਜ਼ ਮਕਸੂਦਾ ਵਿਖੇ ਕਰਵਾਏ ਗਏ, ਜਿਥੇ ਜ਼ਿਲ੍ਹਾ ਜਲੰਧਰ ਤੋਂ ਇਲਾਵਾ ਦੂਜੇ ਜ਼ਿਲ੍ਹਿਆਂ ਤੋਂ ਵੀ ਉਮੀਦਵਾਰਾਂ ਨੇ ਵੱਖ-ਵੱਖ ਸਕਿੱਲ ਕੋਰਸਾਂ ਵਿੱਚ ਭਾਗ ਲਿਆ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਜਲੰਧਰ ਸ਼੍ਰੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਏ.ਪੀ.ਜੇ ਕਾਲਜ ਆਫ ਫਾਈਨ ਆਰਟਸ ਵਿਖੇ ਵਿਜ਼ੂਅਲ ਮਰਚੰਡਾਈਜ਼ਿੰਗ, ਕਲਾਊਡ ਕੰਪੀਊਟਿੰਗ ਅਤੇ ਪੇਂਟਿੰਗ ਤੇ ਡੈਕੋਰੇਸ਼ਨ ਦੇ ਮੁਕਾਬਲਿਆਂ ਲਈ ਕੁੱਲ 49 ਉਮੀਦਵਾਰਾਂ ਨੇ ਭਾਗ ਲਿਆ।ਜਦਕਿ ਸੀ.ਟੀ ਇੰਸਟੀਟਿਊਟ ਵਿਖੇ ਰੈਸਟੋਰੈਂਟ ਸਰਵਿਸ ਅਤੇ ਇੰਨਫਰਮੇਸ਼ਨ ਟੈਕਨੋਲਜੀ ਤੇ ਨੈਟਵਰਕ ਕੇਬਲਿੰਗ ਲਈ 19 ਉਮੀਦਵਾਰਾਂ ਨੇ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਸੈਂਟਰਲ ਇੰਸਟੀਟਿਊਟ ਆਫ ਹੈਂਡ ਟੂਲਜ਼ ਵਿਖੇ ਸੀ.ਐਨ.ਸੀ ਟਰਨਿੰਗ ਦੇ ਮੁਕਾਬਲਿਆਂ ਲਈ ਕੁੱਲ 17 ਉਮੀਦਵਾਰਾਂ ਨੇ ਭਾਗ ਲਿਆ। ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਨੂੰ ਲੈ ਕੇ ਉਮੀਦਵਾਰਾਂ ਵਿੱਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। ਏ.ਪੀ.ਜੇ. ਕਾਲਜ ਜਲੰਧਰ ਵਿਖੇ ਹੋਏ ਕਲਾਊਡ ਕੰਪਿਊਟਿੰਗ ਦੇ ਮੁਕਾਬਲੇ ਵਿੱਚ ਪ੍ਰਿਆਂਸ਼ੂ, ਪੇਂਟਿੰਗ ਅਤੇ ਡੈਕੋਰੇਟਿੰਗ ਵਿੱਚ ਪਾਰਸ ਅਤੇ ਵਿਜ਼ੂਅਲ ਮਰਚੰਡਾਈਜ਼ਿੰਗ ਵਿੱਚ ਅੰਸ਼ਿਕਾ ਕੌਸ਼ਲ ਜੇਤੂ ਰਹੇ ਜਦਕਿ ਸੀ.ਟੀ. ਇੰਸਟੀਚਿਊਟ ਵਿਖੇ ਹੋਏ ਰੈਸਟੋਰੈਂਟ ਸਰਵਿਸ ਮੁਕਾਬਲੇ ਵਿੱਚ ਅਰਾਧਿਆ ਰਾਏ ਅਤੇ ਇਨਫਰਮੇਸ਼ਨ ਨੈਟਵਰਕ ਕੇਬਲਿੰਗ ਵਿੱਚ ਕਮਲਜੀਤ ਨੇ ਬਾਜ਼ੀ ਮਾਰੀ। ਇਸ ਤੋਂ ਇਲਾਵਾ ਸੈਂਟਰਲ ਇੰਸਟੀਚਿਊਟ ਆਫ ਹੈਂਡ ਟੂਲਜ਼, ਜਲੰਧਰ ਵਿਖੇ ਹੋਏ ਸੀ.ਐਨ.ਸੀ. ਟਰਨਿੰਗ ਦੇ ਮੁਕਾਬਲੇ ਵਿੱਚ ਸਹਿਕੀਰਤ ਸਿੰਘ ਅਤੇ ਗੁਨਦੀਪ ਸਿੰਘ ਜੇਤੂ ਰਹੇ। ਉਨ੍ਹਾਂ ਇਹ ਵੀ ਦੱਸਿਆ ਕਿ ਜੇਤੂ ਉਮੀਦਵਾਰ ਹੁਣ ਰਾਸ਼ਟਰੀ ਪੱਧਰ ‘ਤੇ ਹੋਣ ਵਾਲੇ ਮੁਕਾਬਲਿਆਂ ਵਿੱਚ ਹਿੱਸਾ ਲੈਣਗੇ ਅਤੇ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿਚੋਂ ਜੇਤੂ ਰਹਿਣ ਵਾਲੇ ਉਮੀਦਵਾਰ ਫਾਈਨਲ ਮੁਕਾਲਿਆਂ ਵਿੱਚ, ਜੋ ਕਿ ਸਾਲ 2022 ਵਿੱਚ ਸ਼ਿੰਘਾਈ, ਚੀਨ ਵਿਖੇ ਹੋਵੇਗਾ, ਵਿੱਚ ਭਾਗ ਲੈਣਗੇ। ਵਧੀਕ ਡਿਪਟੀ ਕਮਿਸ਼ਨਰ ਨੇ ਜੇਤੂ ਉਮੀਦਵਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਹੁਨਰ ਵਿਕਾਸ ਨੌਜਵਾਨਾਂ ਦੀ ਜ਼ਿੰਦਗੀ ਵਿੱਚ ਬਹੁਤ ਤੇਜ਼ੀ ਨਾਲ ਬਦਲਾਅ ਲਿਆ ਰਿਹਾ ਹੈ ਅਤੇ ਨੌਜਵਾਨਾਂ ਨੂੰ ਆਪਣੇ ਪੈਰਾਂ ‘ਤੇ ਖੜ੍ਹਾ ਹੋਣ ਦੇ ਬਹੁਤ ਵਧੀਆ ਮੌਕੇ ਪ੍ਰਦਾਨ ਕਰ ਰਿਹਾ ਹੈ।

# ਜਿਲ੍ਹਾ ਮੋਗਾ ਦੇ ਚਾਰੇ ਹਲਕਿਆਂ ਵਿੱਚ ਆਮ ਆਦਮੀ ਪਾਰਟੀ ਦੀ ਕੇਜਰੀਵਾਲ ਦੀ ਪਹਿਲੀ ਗਰੰਟੀ, 300 ਯੂਨਿਟ ਪ੍ਰਤੀ ਮਹੀਨਾ ਮਾਫ ਲਈ ਲੋਕਾਂ ਚ ਭਾਰੀ ਉਤਸ਼ਾਹ

- ਜਿਲ੍ਹਾ ਮੋਗਾ ਦੇ ਚਾਰੋ ਹਲਕਿਆਂ ਉੱਤੇ ਆਮ ਆਦਮੀ ਪਾਰਟੀ ਰਵਾਇਤੀ ਪਾਰਟੀਆਂ ਉੱਤੇ ਭਾਰੂ




**ਮੋਗਾ/ਦਵਿੰਦਰ ਸਿੰਘ ਬਿੱਟੂ**

ਜਿਲ੍ਹਾ ਮੋਗਾ ਦੇ ਹਲਕਾ ਮੋਗਾ, ਬਾਘਾਪੁਰਾਣਾ, ਨਿਹਾਲ ਸਿੰਘ ਵਾਲਾ ਅਤੇ ਧਰਮਕੋਟ ਵਿੱਚ ਆਮ ਆਦਮੀ ਪਾਰਟੀ ਦੇ ਪ੍ਰੋਗਰਾਮ ਕੇਜਰੀਵਾਲ ਦੀ ਗਰੰਟੀ ਦਾ 300 ਯੂਨਿਟ ਹਰ ਘਰ ਨੂੰ ਹਰ ਮਹੀਨੇ ਮਾਫ ਜਿਲ੍ਹੇ ਦੇ ਪ੍ਰੋਗਰਾਮਾਂ ਵਿੱਚ ਪਿੰਡ ਅਤੇ ਸ਼ਹਿਰ ਵਾਸੀਆਂ ਦੇ ਹੋ ਰਹੇ ਵੱਡੇ ਇਕੱਠ ਦਰਸਾਉਂਦੇ ਹਨ ਕਿ 2022 ਚ ਲੋਕ ਰਵਾਇਤੀ ਪਾਰਟੀਆਂ ਨੂੰ ਛੱਡ, ਆਵਦੇ ਬੱਚਿਆਂ ਦੇ ਭਵਿੱਖ ਲਈ ਆਪ ਦੀ ਸਰਕਾਰ ਬਣਾਉਣਗੇ। ਇਹ ਪ੍ਰੋਗਰਾਮ ਲੋਕਾਂ ਨਾਲ ਸੰਪਰਕ ਬਣਾਉਣ ਲਈ ਰੱਖੇ ਜਾ ਰਹੇ ਹਨ। ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਦੀ ਸਰਕਾਰ ਦੁਆਰਾ ਕੀਤੇ ਗਏ ਲੋਕ ਪੱਖੀ ਅਤੇ ਇਮਾਨਦਾਰੀ ਨਾਲ ਕੀਤੇ ਕੰਮਾਂ ਤੋਂ ਖੁਸ਼ ਹਨ। ਪੰਜਾਬ ਦੇ ਲੋਕ ਹੁਣ ਝੂਠੇ ਵਾਦਿਆਂ ਵਾਲੀ ਸਰਕਾਰ ਨਹੀਂ, ਕੰਮ ਕਰਨ ਵਾਲੀ ਸਰਕਾਰ ਚਾਹੁੰਦੇ ਹਨ। ਜਿਕਰ ਯੋਗ ਗੱਲ ਹੈ ਆਮ ਆਦਮੀ ਪਾਰਟੀ ਵੱਲੋਂ ਨਿਹਾਲ ਸਿੰਘ ਵਾਲਾ ਤੋਂ ਐਮ. ਐਲ. ਏ. ਮਨਜੀਤ ਸਿੰਘ ਬਿਲਾਸਪੁਰ, ਮੋਗਾ ਨਵਦੀਪ ਸੰਘਾ, ਬਾਘਾਪੁਰਾਣਾ ਤੋਂ ਅਮ੍ਰਿਤਪਾਲ ਸਿੰਘ ਸਿੱਧੂ, ਧਰਮਕੋਟ ਤੋਂ ਦਵਿੰਦਰਜੀਤ ਸਿੰਘ (ਲਾਡੀ ਢੋਸ) ਹਲਕਾ ਇੰਚਾਰਜ ਨਿਯੁਕਤ ਹੋਣ ਤੋਂ ਬਾਅਦ ਮੋਗੇ ਜਿਲ੍ਹੇ ਦੇ ਚਾਰੇ ਹਲਕਿਆਂ ‘ਚ ਆਮ ਆਦਮੀ ਪਾਰਟੀ ਦੇ ਪ੍ਰਚਾਰ ਅਤੇ ਲੋਕਾਂ ਦਾ ਉਤਸ਼ਾਹ ਦਰਸਾਉਂਦਾ ਹੈ ਕਿ ਮੋਗੇ ਜਿਲ੍ਹੇ ਦੇ ਚਾਰੋ ਹਲਕਾ ਚ ਆਮ ਆਦਮੀ ਪਾਰਟੀ ਨੂੰ ਲੈ ਕੇ ਲੋਕਾਂ ਇੱਕ ਆਸ ਝਲਕ ਰਹੀ ਹੈ।

ਇਹਨਾਂ ਪ੍ਰੋਗਰਾਮਾਂ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਪ੍ਰੈਸ ਕਾਨਫਰੰਸ ਜੋਂ 29 ਜੂਨ ਪੰਜਾਬ ਵਿੱਚ ਬਿਜਲੀ ਦੀ ਪਹਿਲੀ ਗਰੰਟੀ, ਜਿਸ ਵਿੱਚ 24 ਘੰਟੇ ਬਿਜਲੀ ਦੇਣ ਦਾ ਵਾਅਦਾ, 300 ਯੂਨਿਟ ਪ੍ਰਤੀ ਮਹੀਨਾ ਪ੍ਰਤੀ ਘਰ, ਦੇਣ ਦਾ ਵਾਅਦਾ ਅਤੇ ਲੋਕਾਂ ਦੇ ਸਿਰਾਂ ਉਤੇ ਵੱਧ ਬਿਜਲੀ ਦੇ ਬਿਲਾਂ ਦਾ ਬਕਾਏ ਨੂੰ ਮਾਫ ਕਰਨਾ ਸਾਮਿਲ ਸੀ, ਇਹਨਾਂ ਪ੍ਰੋਗਰਾਮਾਂ ਵਿੱਚ ਲੋਕਾਂ ਨੇ ਆਪਣੇ ਵਿਚਾਰ ਜਿਲ੍ਹਾ ਮੋਗਾ ਦੇ ਹਲਕਾ ਇੰਚਾਰਜਾਂ ਨਾਲ ਸਾਂਝੇ ਕੀਤੇ, ਵੱਖ ਵੱਖ ਵਰਗਾ ਵਿੱਚ ਔਰਤਾਂ, ਨੌਜਵਾਨ, ਬਜੁਰਗਾਂ ਨੇ ਭਾਗ ਲਿਆ ਸਵਾਲ ਕੀਤੇ ਅਤੇ ਆਦਮੀ ਦੇ ਹਲਕਾ ਇੰਚਾਰਜਾਂ ਨਾਲ ਵਿਚਾਰਾਂ ਦੀ ਸਾਂਝ ਪਾਈ, ਲੋਕਾਂ ਦਾ ਕਹਿਣਾ ਸੀ ਕਿ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਲੋਕਾਂ ਦੇ ਨਾਲ ਕਿਸੇ ਨੁਮਾਇੰਦੇ ਨੇ ਆਪਣੇ ਵਿਚਾਰ ਸਾਂਝੇ ਕੀਤੇ ਹੋਣ, ਲੋਕਾਂ ਨੂੰ ਆ ਰਹੀਆਂ ਪ੍ਰੇਸਾਨੀਆਂ ਨੂੰ ਦੂਰ ਕਰਨ ਲਈ ਕਿਹਾ। ਇਹਨਾਂ ਪ੍ਰੋਗਰਾਮਾਂ ਦੀ ਚਰਚਾ ਜਿਲ੍ਹੇ ਵਿੱਚ ਆਮ ਹੋ ਰਹੀ ਹੈ, ਲੋਕਾਂ ਦਾ ਰੁਝਾਨ ਆਮ ਆਦਮੀ ਵੱਲ ਦੇਖਣ ਨੂੰ ਸਾਫ ਝਲਕ ਰਿਹਾ ਹੈ। ਜਿਲ੍ਹਾ ਵਾਸੀਆਂ ਦੇ ਕਹਿਣ ਮੁਤਾਬਿਕ ਲੋਕਾਂ ਵਿੱਚ ਦੂਜਿਆਂ ਪਾਰਟੀਆਂ ਨੂੰ ਲੈਕੇ ਜੋਂ ਰੋਸ ਹੈ ਉਸ ਦਾ ਨਤੀਜਾ ਅਗਲੇ 2022 ਦੇ ਚੁਣਾਵਾਂ ਵਿੱਚ ਬਦਲਾਅ ਲਿਆਉਣ ਵੱਲ ਵੱਧ ਰਿਹਾ ਹੈ।ਅੰਤ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜਾਂ ਨੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਲੋਕਾਂ ਨੂੰ ਬਿਜਲੀ ਦੇ 300 ਯੂਨਿਟ ਪ੍ਰਤੀ ਮਹੀਨਾ ਮਾਫ ਕਰਵਾਉਣ ਲਈ ਟੀਮ ਨਾਲ ਸੰਪਰਕ ਕਰਕੇ ਆਪਣੇ ਆਪ ਨੂੰ ਰਜਿਸਟਰਡ ਕਰਵਾਉਣ ਲਈ ਕਿਹਾ। ਇਹ ਪ੍ਰੋਗਰਾਮ ਹਲਕੇ ਦੇ ਪਿੰਡਾਂ ਅਤੇ ਵਾਰਡਾਂ ਵਿੱਚ ਕਿਤੇ ਜਾ ਰਹੇ ਹਨ।

# ਕੋਰਟ ਕੰਪਲੈਕਸ ਵਿਖੇ ਕੋਵਿਡ ਵੈਕਸੀਨੇਸ਼ਨ ਕੈਂਪ ਦਾ ਆਯੋਜਨ

- 150 ਦੇ ਕਰੀਬ ਵਕੀਲ ਭਾਈਚਾਰੇ ਨੇ ਕੋਰਟ ਸਟਾਫ਼ ਸਮੇਤ ਕਰਵਾਈ ਵੈਕਸੀਨੇਸ਼ਨ
- ਜ਼ਿਲਾ ਤੇ ਸੈਸ਼ਨ ਜੱਜ ਮੋਗਾ ਨੇ ਦਿੱਤਾ ਸਭਨਾਂ ਨੂੰ ਵੈਕਸੀਨੇਸ਼ਨ ਕਰਵਾਉਣ ਦਾ ਸੰਦੇਸ਼

**ਮੋਗਾ/ਪ੍ਰੇਮ ਸ਼ਰਮਾ**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਮਾਣਯੋਗ ਸ੍ਰੀ ਸੰਤ ਪ੍ਰਕਾਸ਼ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਜ਼ਿਲਾ ਤੇ ਸੈਸ਼ਨ ਜੱਜ ਮੋਗਾ ਸ੍ਰੀਮਤੀ ਮਨਦੀਪ ਪੰਨੂੰ ਜੀ ਦੀ ਰਹਿਨੁਮਾਈ ਹੇਠ ਅੱਜ ਕੋਵਾਸ਼ੀਲਡ ਵੈਕਸੀਨ ਦੀ ਦੂਸਰੀ ਡੋਜ਼ ਦਾ ਕੈਂਪ ਕੋਰਟ ਕੰਪਲੈਕਸ ਮੋਗਾ ਵਿਖੇ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਜ਼ਿਲਾ ਤੇ ਸੈਸ਼ਨ ਜੱਜ ਮੋਗਾ ਸ੍ਰੀਮਤੀ ਮਨਦੀਪ ਪੰਨੂ ਨੇ ਦੱਸਿਆ ਕਿ ਇਸ ਕੈਂਪ ਵਿੱਚ ਲਗਭਗ 150 ਡੋਜ਼ ਵਕੀਲ ਭਾਈਚਾਰੇ ਅਤੇ ਕੋਰਟ ਦੇ ਸਟਾਫ਼ ਨੂੰ ਲਗਾਈ ਗਈ। ਉਨਾਂ ਆਪਣੇ ਸੰਦੇਸ਼ ਵਿੱਚ ਕਿਹਾ ਕਿ ਜਿਨਾਂ ਲੋਕਾਂ ਦੇ ਪਹਿਲੀ ਡੋਜ਼ ਲੱਗੀ ਹੋਈ ਹੈ ਉਹ ਦੂਸਰੀ ਡੋਜ ਜਰੂਰ ਲਗਵਾਉਣ ਅਤੇ ਜਿਨਾਂ ਨੇ ਅਜੇ ਤੱਕ ਵੈਕਸੀਨ ਨਹੀਂ ਲਗਵਾਈ ਉਹ ਲੋਕ ਵੈਕਸੀਨ ਆਪਣਾ ਫਰਜ਼ ਸਮਝ ਕੇ ਲਗਵਾਉਣ ਤਾਂ ਜੋ ਕਰੋਨਾ ਜਿਹੀ ਖਤਰਨਾਕ ਬਿਮਾਰੀ ਤੋਂ ਆਪਣਾ ਅਤੇ ਆਪਣੇ ਪਰਿਵਾਰ ਦਾ ਬਚਾਅ ਕੀਤਾ ਜਾ ਸਕੇ।




ਅਦਾਰਾ ‘ਲੋਕ ਬਾਣੀ’ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਦਿੱਲੀ ਨੂੰ ਕਿਸਾਨ ਜਥੇ ਤੋਰਨ ਵਿੱਚ ਮੋਹਰੀ ਪਿੰਡ ਜਲਾਲਾਬਾਦ

**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਧਰਮਕੋਟ ਬਲਾਕ ਦਾ ਪਿੰਡ ਜਲਾਲਾਬਾਦ ਪੂਰਬੀ ਦਿੱਲੀ ਮੋਰਚੇ ਵਿੱਚ ਸ਼ਮੂਲੀਅਤ ਕਰਨ ਲਈ ਮੋਹਰੀ ਪਿੰਡ ਬਣ ਗਿਆ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਗਿਆਨੀ ਛਿੰਦਰ ਸਿੰਘ ਜਲਾਲਾਬਾਦ ਅਤੇ ਜਸਵੰਤ ਸਿੰਘ ਸਮਰਾ .ਨਛੱਤਰ ਸਿੰਘ .ਗੁਰਜੀਤ ਸਿੰਘ .ਜੱਗਜੀਤ ਸਿੰਘ ਵਰਗੇ ਕਈ ਆਗੂ ਹਨ । ਪਿੰਡ ਦੀ ਸਮੁੱਚੀ ਟੀਮ ਪੂਰੀ ਮਿਹਨਤ ਕਰਦੀ ਹੈ ।

ਸੰਯੁਕਤ ਮੋਰਚੇ ਵੱਲੋਂ ਜਦੋਂ ਪਿਛਲੇ ਸਮੇਂ ਸੱਦੇ ਆਏ ਸੀ. ਤਾਂ ਜਲਾਲਾਬਾਦ ਅਤੇ ਫਤਿਹਗੜ੍ਹ ਕੋਰੋਟਾਨਾ ਵਿੱਚ ਲੱਗੇ ਜਾਮਾ ਨੂੰ ਸਫਲ ਕਰਨ ਵਿੱਚ ਜਲਾਲਾਬਾਦ ਪਿੰਡ ਦਾ ਬਹੁਤ ਹਿੱਸੇਦਾਰੀ ਰਹੀ ਹੈ ਹੈ ।ਗਿਆਨੀ ਛਿੰਦਰ ਸਿੰਘ ਭਾਵੇਂ ਪਿਛਲੇ ਅਰਸੇ ਤੋਂ ਬਿਮਾਰ ਹੈ ਅਤੇ ਅੱਜ ਵੀ ਉਹ ਮੈਡੀਕਲ ਕਾਲਜ ਫ਼ਰੀਦਕੋਟ ਜ਼ੇਰੇ ਇਲਾਜ ਹੈ .ਭਗਵੰਤ ਸਿੰਘ ਸਮਰਾ ਜੋ ਪਿੰਡ ਦਾ ਉਘਾ ਆਗੂ ਸੀ ਉਸ ਦੀ ਵੀ ਮੌਤ ਹੋ ਗਈ ।ਇੰਨਾ ਕੁਝ ਹੋਣ ਦੇ ਬਾਵਜੂਦ ਜਲਾਲਾਬਾਦ ਦੀ ਦੂਜੀ ਪਰਤ ਵਾਲੀ ਟੀਮ ਬਹੁਤ ਮਿਹਨਤ ਕਰ ਰਹੀ ਹੈ।

ਪਿੰਡ ਵੀ ਸੰਗਤ ਗੁਰਦੁਆਰੇ ਇਕੱਠੀ ਹੁੰਦੀ ਹੈ ਅਤੇ ਗੁਰਦੁਆਰੇ ਚੋਂ ਨਵਾਂ ਜੱਥਾ ਤੋਰਿਆ ਜਾਂਦਾ ਹੈ ਹੁਣ ਤੱਕ ਜਲਾਲਾਬਾਦ ਪੂਰਬੀ ਛੱਤੀ ਜਥੇ ਭੇਜ ਚੁੱਕਾ ਹੈ ।ਦੂਸਰੇ ਪਿੰਡਾਂ ਨੂੰ ਜਲਾਲਾਬਾਦ ਪੂਰਬੀ ਤੋਂ ਰੌਸ਼ਨੀ ਲੈਣੀ ਚਾਹੀਦੀ ਹੈ ।ਧਰਮ ਕੋਟ ਤੋਂ ਗੋਰਾ ਧਾਲੀਵਾਲ 8 ਮਹੀਨਿਆਂ ਤੋਂ ਟਰਾਂਸਪੋਰਟ ਦੀ ਸੇਵਾ ਕਰ ਰਿਹਾ ਹੈ ।ਅੱਠ ਮਹੀਨੇ ਤੋਂ ਦਿੱਲੀ ਬਾਰਡਰਾਂ ਤੇ ਮੋਰਚਾ ਲੱਗਾ ਹੋਇਆ ਹੈ ।ਫਾਸ਼ੀਵਾਦੀ ਮੋਦੀ ਹਕੂਮਤ ਨੇ ਅੜੀ ਫੜੀ ਹੋਈ ਹੈ ਖੇਤੀ ਦੇ ਆਏ ਤਿੰਨ ਕਾਲੇ ਕਾਨੂੰਨ ਬਿਜਲੀ ਬਿਲ 2020 ਅਤੇ ਪਰਾਲੀ ਸੰਬੰਧੀ ਆਏ ਕਾਨੂੰਨਾਂ ਨੂੰ ਵਾਪਸ ਕਰਾਉਣ ਲਈ ਜੱਦੋ ਜਹਿਦ ਜਾਰੀ ਹੈ ।ਸਰਕਾਰ ਤੇ ਦਬਾਅ ਵਧਾਉਣ ਲਈ ਹੋਰ ਵੱਡੀ ਪੱਧਰ ਤੇ ਲਾਮਬੰਦੀ ਕਰਨ ਦੀ ਲੋੜ ਹੈ ।ਬਾਕੀ ਪਿੰਡ ਵੀ ਜਲਾਲਾਬਾਦ ਪੂਰਬੀ ਵਾਂਗੂੰ ਸਰਗਰਮ ਹੋਣ ।



# ਪੰਜਾਬ ਰਾਜ ਅਧਿਆਪਕ ਗਠਜੋੜ ਵੱਲੋਂ ਲਾਇਆ ਪੰਜਾਬ ਸਰਕਾਰ ਅਤੇ ਵਿੱਤ ਮੰਤਰੀ ਪੰਜਾਬ ਦੀਆਂ ਅਰਥੀਆਂ ਨੂੰ ਲਾਂਬੂ



**ਮੋਗਾ/ਦਵਿੰਦਰ ਸਿੰਘ ਬਿੱਟੂ**

ਪੰਜਾਬਰਾਜ ਅਧਿਆਪਕ ਗਠਜੋੜ ਵੱਲੋ ਦਿੱਤੇ ਦਿੱਤੇ ਗਏ ਸੱਦੇ ਉੱਤੇ ਪੰਜਾਬ ਸਰਕਾਰ ਵੱਲੋਂ 24 ਕੈਟਾਗਿਰੀਆ ਲਈ ਪੇ ਕਮਿਸਨ ਦੀ ਸਿਫਾਰਸ ਦੇ ਬਾਵਜੂਦ ਵੀ 2.25 ਗੁਣਾਂਕ ਖਤਮ ਨਾ ਕਰਨ ਤੇ ,ਪੇ ਕਮਿਸਨ ਤਰੁੱਟੀਆਂ ਦੂਰ ਕਰਵਾਉਣ , ਗੁਣਾਂਕ ਦਾ ਵਾਧਾ ਕਰਵਾਉਣ , ਪੁਰਾਣੀ ਪੈਨਸਨ ਬਹਾਲ ਕਰਵਾਉਣ ,ਕੱਚੇ ਮੁਲਾਜਮ ਪੱਕੇ ਕਰਵਾਉਣ ,ਕੇਂਦਰੀ ਪੈਟਰਨ ਸਕੇਲਾ ,1-1-15 ਨੋਟੀਫੀਕੇਸਨ ਰੱਦ ਕਰਵਾਉਣ ਸਮੇਤ ਹੋਰ ਮੰਗਾਂ ਤੇ ਕੋਈ ਠੋਸ ਹੱਲ ਨਾ ਕਰਨ ਅਤੇ ਪੰਜਾਬ ਭਰ ਦੇ ਮੁਲਾਜ਼ਮ ਵਰਗ ਦੀਆਂ ਮੰਗਾਂ ਉੱਪਰ ਨਾਕਾਰਾਤਮਕ ਰਵੱਈਏ ਖਿਲਾਫ ਪੰਜਾਬ ਸਰਕਾਰ ਅਤੇ ਵਿੱਤ ਮੰਤਰੀ ਪੰਜਾਬ ਦੇ ਪੁਤਲੇ ਫੂਕੇ ਗਏ।

ਪੰਜਾਬ ਰਾਜ ਅਧਿਆਪਕ ਗੱਠਜੋੜ ਮੋਗਾ ਵੱਲੋਂ ਕੀਤੇ ਗਏ ਅਰਥੀ ਫੂਕ ਮੁਜਾਹਰੇ ਸਮੇਂ ਅਧਿਆਪਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਗਟਜੀਤ ਸਿੰਘ ਕਿਸ਼ਨਪੁਰਾ, ਬਲਜਿੰਦਰ ਸਿੰਘ ਧਾਲੀਵਾਲ, ਬੂਟਾ ਸਿੰਘ ਮੋਗਾ, ਸੁਰਿੰਦਰ ਸ਼ਰਮਾ ਮੋਗਾ ਨੇ ਕਿਹਾ ਕਿ ਮੌਜੂਦਾ ਸਰਕਾਰ ਜਾਣਬੁੱਝ ਕੇ ਪੰਜਾਬ ਦੇ ਮੁਲਾਜ਼ਮ ਵਰਗ ਦੇ ਸਬਰ ਦਾ ਇਮਤਿਹਾਨ ਲੈ ਰਹੀ ਹੈ ਅਤੇ ਮੁਲਾਜਮਾਂ ਨੂੰ ਸੜਕਾਂ ਉੱਪਰ ਰੋਲ ਰਹੀ ਹੈ ਪਰ ਪੰਜਾਬ ਦੇ ਸਮੂਹ ਮੁਲਾਜ਼ਮ ਆਪਣੀਆਂ ਮੰਗਾਂ ਸਰਕਾਰ ਤੋਂ ਮੰਨਵਾ ਕੇ ਹੀ ਦਮ ਲੈਣਗੇ ।ਇਸ ਮੌਕੇ ਆਗੂਆਂ ਨੇ ਦੱਸਿਆ ਕਿ ਜੇਕਰ ਸਰਕਾਰ ਵੱਲੋਂ ਆਉਂਦੇ ਕੁਝ ਦਿਨਾਂ ਵਿੱਚ ਸਾਡੀਆਂ ਮੰਗਾਂ ਦਾ ਹੱਲ ਨਾ ਕੀਤਾ ਤਾਂ 16 ਅਗਸਤ ਨੂੰ ਮੁੱਖ ਮੰਤਰੀ ਪੰਜਾਬ ਦੇ ਸਿਸਵਾਂ ਨਿਵਾਸ ਉੱਤੇ ਵਿਸ਼ਾਲ ਰੋਸ ਰੈਲੀ ਕਰਕੇ ਮੁੱਖ ਮੰਤਰੀ ਨਿਵਾਸ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਜਸਵੀਰ ਸਿੰਘ ਸਿੱਧੂ,ਗੁਰਮੀਤ ਸਿੰਘ ਢੋਲੇਵਾਲ, ਗੋਬਿੰਦ ਸਿੰਘ, ਸੁਰਜੀਤ ਸਮਰਾਟ, ਪ੍ਰਦੀਪ ਸਿੰਘ ਰੱਖੜਾ ਸੋਹਨ ਸਿੰਘ ਧਰਮਕੋਟ,ਜਤਿੰਦਰਪਾਲ ਸਿੰਘ, ਕੁਲਦੀਪ ਕੌਰ, ਦਵਿੰਦਰ ਕੌਰ, ਦਰਸ਼ਨਪਾਲ ਕੌਰ,ਜਤਿੰਤਰ ਕੌਰ, ਰਮਨਦੀਪ ਕੌਰ,,ਵੀਰਪਾਲ ਕੌਰ,ਸੰਦੀਪ ਕੌਰ,ਊਸ਼ਾ ਰਾਣੀ,ਕੁਲਵਿੰਦਰ ਕੌਰ, ਰਾਣੀ ਬਾਲਾ, ਰਮੇਸ਼ ਕੌਰ,ਕੁਲਦੀਪ ਕੌਰ, ਰਾਜਵਿੰਦਰ ਕੌਰ, ਅਵਤਾਰ ਸਿੰਘ,ਰਣਜੀਤ ਸਿੰਘ, ਰਾਜਪਾਲ ਸਿੰਘ, ਦੀਪਕ ਕੁਮਾਰ,ਕੁਲਵਿੰਦਰ ਸਿੰਘ,ਬਲਦੇਵ ਸਿੰਘ, ਹਰਜੀਤ ਸਿੰਘ, ਬਲਜੀਤ ਸਿੰਘ, ਸਿਓ ਨਰਾਇਣ, ਗੁਰਪ੍ਰੀਤ ਸਿੰਘ, ਭਰਭੂਰ ਸਿੰਘ ਆਦਿ ਹਾਜ਼ਰ ਸਨ।

# ਹਲਕਾ ਧਰਮਕੋਟ ਨੰਬਰਦਾਰ ਯੂਨੀਅਨ ਦੀ ਮੀਟਿੰਗ ਹੋਈ

**ਧਰਮਕੋਟ/ਦਵਿੰਦਰ ਸਿੰਘ ਬਿੱਟੂ**



ਨੰਬਰਦਾਰ ਯੂਨੀਅਨ ਦੀ ਸਿੰਘ ਸਭਾ ਗੁਰਦੁਆਰਾ ਧਰਮਕੋਟ ਚ ਕੀਤੀ ਗਈ ਜਿਸ ਦੀ ਪ੍ਰਧਾਨਗੀ ਤਹਿਸੀਲ ਪ੍ਰਧਾਨ ਹਰਭਿੰਦਰ ਸਿੰਘ ਮਸੀਤਾਂ ਨੇ ਕੀਤੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਹਰਪਿੰਦਰ ਸਿੰਘ ਸਿੰਘ ਮਸੀਤਾਂ ਨੇ ਕਿਹਾ ਹੈ ਕਿ ਜੋ ਨੰਬਰਦਾਰ ਪਟਿਆਲਾ ਰੈਲੀ ਵਿੱਚ ਨਹੀਂ ਗਏ ਉਨ੍ਹਾਂ ਨੂੰ ਲਾਹੇਵੰਦ ਕੀਤਾ ਜਾਵੇਗਾ ਅਤੇ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ ਅਤੇ ਅਗਲਾ ਐਕਸ਼ਨ ਕੈਪਟਨ ਦੀ ਪੰਜਾਬ ਸਰਕਾਰ ਉੱਤੇ ਕੀ ਹੋਵੇਗਾ ਜਿੰਨਾ ਚਿਰ ਪੰਜਾਬ ਦੇ ਨੰਬਰਦਾਰਾਂ ਦੀਆਂ ਸਰਕਾਰ ਮੰਗਾਂ ਨਹੀ ਮੰਨਦੀ ਉਨਾਂ ਚਿਰ ਸ਼ੰਘਰਸ ਜਾਰੀ ਰਹੇਗਾ ਉਨ੍ਹਾਂ ਕਿਹਾ ਹੈ ਕਿ ਨੰਬਰਦਾਰਾਂ ਦੀਆਂ ਮੰਗਾਂ ਸਰਕਾਰ ਨੂੰ ਚਾਹੀਦਾ ਹੈ ਕਿ ਜਲਦ ਪੂਰੀਆਂ ਕੀਤੀਆਂ ਜਾਣ ਇਸ ਮੌਕੇ ਜ਼ਿਲ੍ਹਾ ਕਮੇਟੀ ਮੈਂਬਰ ਬਲਵੀਰ ਸਿੰਘ ਉੱਪਲ ਸੈਦੇ ਸ਼ਾਹ ਵਾਲਾ, ਜ਼ਿਲ੍ਹਾ ਕਮੇਟੀ ਮੈਂਬਰ ਗੁਰਜੰਟ ਸਿੰਘ ਗਗੜਾ, ਜ਼ਿਲਾ ਕਮੇਟੀ ਮੈਂਬਰ ਮੋਹਨ ਸਿੰਘ ਬਾਕਰਵਾਲਾ, ਸਰਜੀਤ ਸਿੰਘ ਖਾਲਿਸਤਾਨੀ ਰਾਮਗੜ੍ਹ, ਰੇਸ਼ਮ ਸਿੰਘ ਕਾਦਰਵਾਲਾ, ਇਕਬਾਲ ਸਿੰਘ ਕਾਦਰਵਾਲਾ, ਚਰਨਜੀਤ ਜਲਾਲਾਬਾਦ, ਇੰਦਰਜੀਤ ਸਿੰਘ ਮਸੀਤਾਂ, ਮੇਹਰ ਸਿੰਘ ਤਲਵੰਡੀ ਨੌਂ ਬਹਾਰ, ਦਰਸ਼ਨ ਸਿੰਘ ਢੋਲੇਵਾਲਾ, ਬਲਵਿੰਦਰ ਸਿੰਘ ਅਕਾਲੀਆਂਵਾਲਾ, ਪਿੱਪਲ ਸਿੰਘ ਸੇਰੇਵਾਲਾ, ਜਗਤਾਰ ਸਿੰਘ ਅਟਾਰੀ, ਹਰਦੀਪ ਸਿੰਘ ਧਰਮਕੋਟ, ਨਛੱਤਰ ਸਿੰਘ ਨੇ ਲਲਿਹਾਦੀ, ਚਮਕੌਰ ਸਿੰਘ ਪਮਾਰਾ ਵਾਲੀ ਬਸਤੀ ਬਲਦੇਵ ਸਿੰਘ ਦਰਸ਼ਨ ਸਿੰਘ ਕਿਸ਼ਨਪੁਰਾ ਆਦਿ ਹਾਜ਼ਰ ਸਨ।

# ਜਿਲ੍ਹਾ ਮੋਗਾ ਦੇ ਸਮੂਹ ਕੱਚੇ ਅਧਿਆਪਕ ਵੱਲੋਂ ਵਿਭਾਗੀ ਐਨਏਐਸ ਪੇਪਰ ਦਾ ਸਮੂਹਿਕ ਬਾਈਕਾਟ ਰਿਹਾ




**ਮੋਗਾ/ਦਵਿੰਦਰ ਸਿੰਘ ਬਿੱਟੂ**

ਕੱਚੇ ਅਧਿਆਪਕ ਯੂਨੀਅਨ ਵੱਲੋਂ ਮੁਹਾਲੀ ਧਰਨਾ 53ਵੇ ਦਿਨ ਵਿੱਚ ਦਾਖਲ ਹੋਇਆ,ਸੰਘਰਸ਼ੀ ਸਾਥੀ ਕੁਲਵਿੰਦਰ ਸਿੰਘ ਨਾਝੂ,ਬੇਅੰਤ ਸਿੰਘ, ਰਾਜਾ ਔਲਖ ਸਿਖਿਆ ਭਵਨ ਦੀ ਛੱਤ ਤੇ ਡਟੇ ਹੋਏ ਹਨ । ਸੈਮੀਨਾਰ ਤੇ ਸੈਮੀਨਾਰ ਨਾਲ ਸੰਬੰਧਿਤ ਐਨਏਐਸ ਦੇ ਪੇਪਰਾਂ ਦਾ ਸਮੂਹ ਪੰਜਾਬ ਦੇ ਸਰਕਾਰੀ ਸਕੂਲਾਂ ਅੰਦਰ ਜਿਲ੍ਹਾ ਮੋਗਾ ਵਿੱਚ ਕੱਚੇ ਅਧਿਆਪਕਾ ਵੱਲੋਂ ਸਮੂਹਿਕ ਬਾਈਕਾਟ ਸਫਲਤਾ ਪੂਰਕ ਕੀਤਾ ਗਿਆ ਅਤੇ ਰੈਗੂਲਰ ਹੋਣ ਤੱਕ ਸਾਰੇ ਸੈਮੀਨਾਰਾ ਅਤੇ ਆਨ ਲਾਇਨ ਕੰਮਾਂ ਦਾ ਬਾਈਕਾਟ ਜਾਰੀ ਰਹੇਗਾ ਅਤੇ ਕਾਗਜੀ ਅੰਕੜਿਆ ਤੇ ਵਿਖਾਵੇ ਦੀ ਥਾਂ ਬੱਚਿਆਂ ਨੂੰ ਅਸਲ ਸਿਖਿਆ ਪ੍ਰਦਾਨ ਕੀਤੀ ਜਾਵੇਗੀ ।ਅੱਜ ਜਿਲ੍ਹਵਾਰ ਨਿਰੰਤਰ ਵਾਰੀ ਤੇ ਜਿਲ੍ਹਾ ਗੁਰਦਾਸਪੁਰ, ਤੇ ਪਠਾਨਕੋਟ ਦੇ ਸਾਥੀ ਭਾਰੀ ਗਿਣਤੀ ਹਾਜਰ ਰਹੇ।ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸ.ਕੁਲਦੀਪ ਸਿੰਘ ਬੱਡੂਵਾਲ, ਸੁਖਵਿੰਦਰ ਕੌਰ ਨੇ ਕਿਹਾ ਕਿ 15 ਅਗਸਤ ਨੂੰ ਸੁਤੰਤਰਤਾ ਦਿਵਸ ਸਮੇਂ ਪੰਜਾਬ ਦੇ ਵੱਖ ਜਿਲ੍ਹਿਆਂ ਅੰਦਰ ਕੈਬਨਿਟ ਮੰਤਰੀ ਸਾਹਿਬਾਨ ਨੂੰ ਆਰਥਿਕ ਗੁਲਾਮੀ ਤੋਂ ਛੁੱਟਕਾਰਾ ਪਾਉਣ ਤੇ ਪੱਕੇ ਰੁਜਗਾਰ ਲਈ ਸਮੂਹ ਕੱਚੇ ਅਧਿਆਪਕ ਇਕੱਠੇ ਰੂਪ ਆਪਣੀ ਹਾਜਰੀ ਲਾਉਣਗੇ। ਗੁਪਤ ਐਕਸ਼ਨ ਕਰਨ ਲਈ ਵੀ ਪੰਜਾਬ ਦੇ ਵੱਖ ਵੱਖ ਸਥਾਨਾ ਦੇ ਟੀਮਾਂ ਬਣਾ ਦਿੱਤੀਆ ਹਨ। ਇਸ ਸਮੇਂ ਕੁਲਵਿੰਦਰ,ਬਲਰਾਜ,ਕਿਰਨਦੀਪ ਕੌਰ,ਜਸਵੀਰ ਕੌਰ,ਹਰਪ੍ਰੀਤ ਕੌਰ, ਜਸਵੀਰ ਕੌਰ ,ਗੁਰਜੀਤ ਕੌਰ,ਬਲਜੀਤ ਸਿੰਘ,ਸੁਖਦਰਸ਼ਨ ਸਿੰਘ ਆਦਿ ਹਾਜਰ ਸਨ।

# ਸਾਉਣ ਦੇ ਨਰਾਤਿਆਂ” ਦੌਰਾਨ ਹਿਮਾਚਲ ਪ੍ਰਦੇਸ ਦੀ ਯਾਤਰਾ ਕਰਨ ਵਾਲੇ ਲੋਕਾਂ ਲਈ ਐਡਵਾਇਜਰੀ ਜਾਰੀ

**ਮੋਗਾ/ਪ੍ਰੇਮ ਸ਼ਰਮਾ**



ਹਿਮਾਚਲ ਪ੍ਰਦੇਸ਼ ਰਾਜ ਆਫਤ ਪ੍ਰਬੰਧਨ ਅਥਾਰਟੀ (ਐਚ.ਪੀ.ਐਸ.ਡੀ.ਐਮ.ਏ.) ਨੇ 9 ਤੋਂ 17 ਅਗਸਤ, 2021 ਤੱਕ ਸੂਰੂ ਹੋਣ ਵਾਲੇ “ਸਾਉਣ ਦੇ ਨਰਾਤਿਆਂ” ਦੌਰਾਨ ਕੋਵਿਡ -19 ਦੀ ਤੀਜੀ ਸੰਭਾਵੀ ਲਹਿਰ ਬਾਰੇ ਚਿੰਤਾ ਪ੍ਰਗਟਾਉਂਦਿਆਂ ਸ਼ਰਧਾਲੂਆਂ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ ਅਤੇ ਕੁਝ ਪਾਬੰਦੀਆਂ ਲਗਾਈਆਂ ਹਨ। ਮੋਗਾ ਦੇ ਡਿਪਟੀ ਕਮਿਸਨਰ ਸ੍ਰੀ ਸੰਦੀਪ ਹੰਸ ਨੇ ਦੱਸਿਆ ਕਿ “ਸਾਉਣ ਦੇ ਨਰਾਤਿਆਂ” ਦੌਰਾਨ ਹਜਾਰਾਂ ਸ਼ਰਧਾਲੂ ਹਿਮਾਚਲ ਦੇ ਵੱਖ -ਵੱਖ ਮੰਦਰਾਂ/ਧਾਰਮਿਕ ਅਸਥਾਨਾਂ ’ਤੇ ਆਉਣ ਜਾਂ ਭਾਰੀ ਇਕੱਠ ਹੋਣ ਦੀ ਸੰਭਾਵਨਾ ਹੈ। ਇਸ ਲਈ ਜਲ੍ਹਿਾ ਪ੍ਰਸ਼ਾਸਨ ਮੋਗਾ ਨੇ ਰਾਜ ਦੇ ਉਹਨਾਂ ਲੋਕਾਂ ਲਈ ਐਡਵਾਇਜ਼ਰੀ ਜਾਰੀ ਕੀਤੀ ਹੈ ਜੋ “ਸਾਉਣ ਦੇ ਨਰਾਤਿਆਂ” ਦੌਰਾਨ ਹਿਮਾਚਲ ਪ੍ਰਦੇਸ਼ ਜਾਣਾ ਚਾਹੁੰਦੇ ਹਨ ਸ੍ਰੀ ਹੰਸ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਸਰਕਾਰ ਵਲੋਂ “ਸਾਉਣ ਦੇ ਨਰਾਤਿਆਂ” ਦੌਰਾਨ ਸਰਧਾਲੂਆਂ/ਲੋਕਾਂ ਲਈ ਹੇਠ ਲਿਖੇ ਨਿਰਦੇਸ਼ ਜਾਰੀ ਕੀਤੇ ਗਏ ਹਨ।ਉਕਤ ਸਮੇਂ ਦੌਰਾਨ ਵੱਖ-ਵੱਖ ਮੰਦਰ/ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਲਈ ਵਿਅਕਤੀਆਂ ਨੂੰ ਰਾਜ/ਜਲ੍ਹਿਾ ਸਰਹੱਦਾਂ ਵਿੱਚ ਦਾਖਲ ਹੋਣ ਦੀ ਇਜਾਜ਼ਤ ਤਾਂ ਹੀ ਹੋਵੇਗੀ ਜੇਕਰ ਉਹਨਾਂ ਕੋਲ ਕੋਵਿਡ -19 ਟੀਕਾਕਰਣ ਸਰਟੀਫਿਕੇਟ (ਦੋਵੇਂ ਖੁਰਾਕਾਂ) ਜਾਂ ਆਰਟੀ-ਪੀਸੀਆਰ ਨੈਗੇਟਿਵ ਰਿਪੋਰਟ ( ਜੋ 72 ਘੰਟਿਆਂ ਤੋਂ ਪੁਰਾਣੀ ਨਾ ਹੋਵੇ) ਅਤੇ ਅਧਿਕਾਰਤ ਲੈਬਾਂ ਵਲੋਂ ਜਾਰੀ ਕੀਤੀ ਹੋਵੇ। ਇਸ ਤੋਂ ਇਲਾਵਾ ਇਸ ਸਮੇਂ ਦੌਰਾਨ “ਨੋ ਮਾਸਕ-ਨੋ ਦਰਸ਼ਨ” ਨੀਤੀ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ। ਇਸ ਦੌਰਾਨ ਜਾਗਰੂਕਤਾ, ਸਿੱਖਿਆ ਅਤੇ ਕਾਨੂੰਨੀ ਢੰਗਾਂ ਰਾਹੀਂ ਸਮਾਜਿਕ ਦੂਰੀ ਬਰਕਰਾਰ ਰੱਖੀ ਜਾਵੇਗੀ ।ਧਾਰਮਿਕ ਸਥਾਨਾਂ/ਮੰਦਰਾਂ ਦੇ ਪ੍ਰਵੇਸ਼ ਦੁਆਰ ‘ਤੇ ਥਰਮਲ ਸਕ੍ਰੀਨਿੰਗ ਅਤੇ ਸੈਨੀਟਾਈਜ਼ੇਸ਼ਨ/ਹੱਥ ਧੋਣ ਦੀ ਸਹੂਲਤ ਹੋਵੇਗੀ।

# ਅਕਾਲੀ ਦਲ ਤੇ ਯੂਥ ਕਾਂਗਰਸ ਪ੍ਰਧਾਨ ਦੇ ਵੱਡੇ ਹਮਲੇ

## ਕਾਲੇ ਖੇਤੀ ਕਾਨੂੰਨਾਂ ਲਈ ਬਾਦਲ ਪਰਿਵਾਰ ਨੂੰ ਦੱਸਿਆ ਜ਼ਿੰਮੇਵਾਰ

■ ਗਲਤੀ ਸੁਧਾਰਨ ਲਈ ਸੰਸਦ ਮੈਂਬਰ ਤੋਂ ਅਸਤੀਫ਼ਾ ਦੇਣ ਹਰਸਿਮਰਤ, ਸੁਖਬੀਰ : ਪ੍ਰਧਾਨ ਸਾਜਨ ਕਾਂਗੜਾ



**ਸੰਗਰੂਰ/ਵਰਮਾ**

ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਤਬਾਹ ਕਰਨ ਲਈ ਲਿਆਂਦੇ ਖੇਤੀ ਕਾਲੇ ਕਾਨੂੰਨਾਂ ਲਈ ਸਿੱਧੇ ਤੌਰ ਤੇ ਬਾਦਲ ਪਰਿਵਾਰ ਨੂੰ ਜਿੰਮੇਵਾਰ ਠਹਿਰਾਉਂਦਿਆਂ ਵਿਧਾਨ ਸਭਾ ਯੂਥ ਕਾਂਗਰਸ ਸੰਗਰੂਰ ਦੇ ਪ੍ਰਧਾਨ ਸਾਜਨ ਕਾਂਗੜਾ ਨੇ ਅਕਾਲੀ ਦਲ ਤੇ ਤਿੱਖੇ ਹਮਲੇ ਕੀਤੇ। ਉਹ ਆਪਣੀ ਰਿਹਾਇਸ਼ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਜਿਸ ਸਮੇਂ ਮੋਦੀ ਸਰਕਾਰ ਵੱਲੋਂ ਇਹ ਕਾਲੇ ਕਾਨੂੰਨ ਬਣਾਏ ਗਏ ਸਨ ਉਸ ਸਮੇਂ ਅਕਾਲੀ ਦਲ ਵੀ ਕੇਂਦਰ ਸਰਕਾਰ ਦਾ ਹੀ ਹਿੱਸਾ ਸੀ। ਕਾਲੇ ਕਾਨੂੰਨਾਂ ਨੂੰ ਪਾਸ ਕਰਨ ਸਮੇਂ ਅਕਾਲੀ ਦਲ ਦੇ ਪ੍ਰਧਾਨ ਸਾਂਸਦ ਸੁਖਬੀਰ ਸਿੰਘ ਬਾਦਲ ਦੀ ਧਰਮ ਪਤਨੀ ਬੀਬਾ ਹਰਸਿਮਰਤ ਕੌਰ ਬਾਦਲ ਬਤੌਰ ਕੈਬਨਿਟ ਮੰਤਰੀ ਕੈਬਨਿਟ ਵਿੱਚ ਹਾਜ਼ਰ ਸਨ। ਜਿਨ੍ਹਾਂ ਦੀ ਸਹਿਮਤੀ ਨਾਲ ਹੀ ਕਾਲੇ ਕਾਨੂੰਨਾਂ ਨੂੰ ਅਮਲੀ ਜਾਮਾ ਪਹਿਨਾਇਆ ਗਿਆ ਅਤੇ ਉਨ੍ਹਾਂ ਨੇ ਮੀਟਿੰਗ ਵਿੱਚ

ਕਾਲੇ ਕਾਨੂੰਨਾਂ ਦੀ ਪੂਰਨ ਤੌਰ ਤੇ ਹਿਮਾਇਤ ਕੀਤੀ ਸੀ। ਇੰਨਾ ਹੀ ਨਹੀਂ ਬੀਬਾ ਹਰਸਿਮਰਤ ਸਮੇਤ ਪੂਰਾ ਪਰਿਵਾਰ ਵੀ ਕਾਲੇ ਕਾਨੂੰਨਾਂ ਦੇ ਹੱਕ ਵਿੱਚ ਸਰੇਆਮ ਬੋਲਦਾ ਰਿਹਾ ਹੈ। ਉਸ ਸਮੇਂ ਦੀਆਂ ਬੀਬਾ ਹਰਸਿਮਰਤ ਕੌਰ ਬਾਦਲ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਪ੍ਰਧਾਨ ਸਾਂਸਦ ਸੁਖਬੀਰ ਸਿੰਘ ਬਾਦਲ ਦੀਆਂ ਵੀਡੀਓ ਅੱਜ ਵੀ ਨਿਊਜ਼ ਚੈਨਲਾਂ ਅਤੇ ਸੋਸ਼ਲ ਮੀਡੀਆ ਤੇ ਘੁੰਮ ਰਹੀਆਂ ਹਨ।ਹੁਣ ਹਰਸਿਮਰਤ ਬਾਦਲ ਤੇ ਸੁਖਬੀਰ ਬਾਦਲ ਨੌਟੰਕੀ ਕਰ ਰਹੇ ਹਨ।ਯੂਥ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਬੀਬਾ ਹਰਸਿਮਰਤ ਕੌਰ ਬਾਦਲ ਦਾ ਕੈਬਨਿਟ ਮੰਤਰੀ ਤੋਂ ਅਸਤੀਫ਼ਾ ਵੀ ਇਸ ਡਰਾਮੇਬਾਜੀ ਦਾ ਹੀ ਹਿੱਸਾ ਹੈ।ਜੇਕਰ ਅਕਾਲੀ ਦਲ ਜਾਂ ਬਾਦਲ ਪਰਿਵਾਰ ਭੁੱਲ ਬਖਸ਼ਾਉਣਾ ਚਾਹੁੰਦੇ ਹਨ ਤਾਂ ਆਪਣੀ ਗਲਤੀ ਸੁਧਾਰਨ ਲਈ ਹਰਸਿਮਰਤ ਕੌਰ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਮੈਂਬਰ ਪਾਰਲੀਮੈਂਟ ਤੋਂ ਅਸਤੀਫ਼ਾ ਦੇਣ।

ਰੋਜ਼ਾਨਾ ਲੋਕ ਬਾਣੀ

ਸਾਜਨ ਕਾਂਗੜਾ ਨੇ ਕਿਹਾ ਕਿ ਬਾਦਲ ਜੋੜੀ ਵੱਲੋਂ ਇੰਨ੍ਹਾਂ ਕਾਨੂੰਨਾਂ ਬਾਰੇ ਸੰਸਦ ਵਿੱਚ ਬੋਲਣ ਦੀ ਜਗ੍ਹਾਂ ਸੰਸਦ ਦੇ ਬਾਹਰ ਖੜ ਕੇ ਹੀ ਖਾਨਾਪੂਰਤੀ ਕੀਤੀ ਜਾ ਰਹੀ ਹੈ। ਉਨ੍ਹਾਂ ਆਪਣੇ ਸ਼ਬਦੀ ਹਮਲੇ ਤੇਜ਼ ਕਰਦਿਆਂ ਕਿਹਾ ਕਿ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਲਈ ਬਾਦਲ ਪਰਿਵਾਰ ਵੀ ਨਰਿੰਦਰ ਮੋਦੀ ਦੇ ਬਰਾਬਰ ਹੀ ਦੋਸ਼ੀ ਹੈ। ਜਿਨ੍ਹਾਂ ਆਪਣੀ ਕੌਮ ਦੇ ਪਿੱਠ ਵਿੱਚ ਛੁਰਾ ਮਾਰਿਆ ਹੈ। ਜਿਸ ਨੂੰ ਪੰਜਾਬ ਸਮੇਤ ਦੇਸ਼ ਦੇ ਕਿਸਾਨ ਕਦੇ ਵੀ ਮੁਆਫ ਨਹੀਂ ਕਰਨਗੇ। ਇਸ ਦਾ ਖਾਮਿਆਜ਼ਾ ਅਕਾਲੀ ਦਲ ਅਤੇ ਬਾਦਲ ਪਰਿਵਾਰ ਨੂੰ ਭੁਗਤਣਾ ਪਵੇਗਾ। ਇਸ ਮੌਕੇ ਸਾਜਨ ਕਾਂਗੜਾ ਨਾਲ ਹੋਰ ਆਗੂ ਵੀ ਹਾਜ਼ਰ ਸਨ।



# ਟਰਾਂਸਪੋਰਟ ਮੰਤਰੀ ਸ੍ਰੀਮਤੀ ਰਜ਼ੀਆ ਸੁਲਤਾਨਾ ਨਾਲ ਮੀਟਿੰਗ ਦੌਰਾਨ ਐਕਸ਼ਨ ਕਮੇਟੀ ਵੱਲੋਂ 17 ਸੂਤਰੀ ਮੰਗ ਪੱਤਰ ਦੇ ਆਧਾਰ ਤੇ ਕੀਤੀ ਗੱਲਬਾਤ

**ਪਟਿਆਲਾ/ਜਗਦੀਸ ਰਾਈਕਾ**

ਪੀ.ਆਰ.ਟੀ.ਸੀ. ਵਿੱਚ ਕੰਮ ਕਰਦੀਆਂ ਛੇ ਜਥੇਬੰਦੀਆਂ, ਏਟਕ, ਇੰਟਕ, ਕਰਮਚਾਰੀ ਦਲ, ਐਸ.ਸੀ.ਬੀ.ਸੀ., ਸੀਟੂ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਦੀ ਸਾਂਝੀ ਐਕਸ਼ਨ ਕਮੇਟੀ ਦਾ ਇੱਕ 18 ਮੈਂਬਰੀ ਵਫਦ ਟਰਾਂਸਪੋਰਟ ਮੰਤਰੀ ਦੇ ਸੱਦੇ ਤੇ ਮਲੇਰਕੋਟਲਾ ਵਿਖੇ ਉਹਨਾਂ ਦੇ ਰਿਹਾਇਸ਼ ਤੇ ਮੀਟਿੰਗ ਕਰਨ ਲਈ ਗਿਆ ਸੀ।ਐਕਸ਼ਨ ਕਮੇਟੀ ਦੀ ਅਗਵਾਈ ਸ੍ਰੀ ਨਿਰਮਲ ਸਿੰਘ ਧਾਲੀਵਾਲ ਕਨਵੀਨਰ ਅਤੇ ਮੈਂਬਰਾਨ ਸਰਵ ਸ੍ਰੀ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖਟੜਾ, ਨਸੀਬ ਚੰਦ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਕੀਤੀ। ਟਰਾਂਸਪੋਰਟ ਮੰਤਰੀ ਸ੍ਰੀਮਤੀ ਰਜੀਆ ਸੁਲਤਾਨਾ ਨਾਲ ਮੀਟਿੰਗ ਦੌਰਾਨ ਐਕਸ਼ਨ ਕਮੇਟੀ ਵੱਲੋਂ ਆਪਣੇ 18052021 ਨੂੰ ਦਿੱਤੇ 17 ਸੂਤਰੀ ਮੰਗ ਪੱਤਰ ਦੇ ਆਧਾਰ ਤੇ ਗੱਲਬਾਤ ਕੀਤੀ ਗਈ। ਮੀਟਿੰਗ ਵਿੱਚ ਮੰਤਰੀ ਜੀ ਦੇ ਨਾਲ ਪ੍ਰਮੁੱਖ ਸਕੱਤਰ ਟਰਾਂਸਪੋਰਟ ਵਿਭਾਗ ਸ੍ਰੀ ਕੇ ਸ਼ਿਵਾ ਪ੍ਰਸਾਦ, ਪੀ.ਆਰ.ਟੀ.ਸੀ. ਦੇ ਐਮ.ਡੀ. ਸ੍ਰੀ ਭੁਪਿੰਦਰਜੀਤ ਸਿੰਘ ਅਤੇ ਜਨਰਲ ਮੈਨੇਜਰ (ਪ੍ਰਬੰਧ) ਸ੍ਰੀ ਸੁਰਿੰਦਰ ਸਿੰਘ ਅਤੇ ਟਰਾਂਸਪੋਰਟ ਵਿਭਾਗ ਦੇ ਕੁੱਝ ਹੋਰ ਅਧਿਕਾਰੀ ਹਾਜਰ ਸਨ। ਇੱਕ ਘੰਟੇ ਤੱਕ ਚੱਲੀ ਇਸ ਮੀਟਿੰਗ ਵਿੱਚ ਐਕਸ਼ਨ ਕਮੇਟੀ ਵੱਲੋਂ ਵਰਕਰਾਂ ਦੀਆਂ ਮੰਗਾਂ ਅਤੇ ਅਦਾਰੇ ਨੂੰ ਪ੍ਰਾਈਵੇਟ ਬਸ ਮਾਫੀਆ ਵੱਲੋਂ ਲਾਈ ਜਾ ਰਹੀ ਢਾਹ ਅਤੇ ਬੇਨਿਯਮੀਆਂ ਸਬੰਧੀ ਆਪਣਾ ਪੱਖ ਬਾਦਲੀਲ ਮਜਬੂਤੀ ਨਾਲ ਰੱਖਿਆ ਗਿਆ। ਵਰਕਰਾਂ ਦੀਆਂ ਜਿਨ੍ਹਾਂ ਮੰਗਾਂ ਤੇ ਭਰਪੂਰ ਚਰਚਾ ਹੋਈ ਉਨ੍ਹਾਂ ਵਿੱਚ ਮੁੱਖ ਤੌਰ ਤੇ ਕੰਟਰੈਕਟ ਵਰਕਰਾਂ ਨੂੰ ਪੱਕਾ ਕਰਨ ਲਈ ਜੋ ਸਰਕਾਰ ਵੱਲੋਂ ਵਰਕਰ ਵਿਰੋਧੀ ਬਿਲ ਲਿਆਦਾ ਗਿਆ ਹੈ ਉਸ ਨੂੰ ਰੱਦ ਕਰਨਾ, 1992 ਦੀ ਪੈਨਸ਼ਨ ਸਕੀਮ ਤੋਂ ਵਾਂਝੇ ਰਹਿ ਗਏ ਵਰਕਰਾਂ ਨੂੰ ਪੈਨਸ਼ਨ ਸਕੀਮ ਦਾ ਮੈਂਬਰ ਬਣਾਉਣਾ, ਮੁਫਤ ਸਫਰ ਬਦਲੇ ਬਣਦੇ 150 ਕਰੋੜ ਰੁਪਏ ਪੀ.ਆਰ.ਟੀ.ਸੀ. ਨੂੰ ਦੇਣੇ, ਵਰਕਰਾਂ ਦੇ ਸਾਰੇ ਬਕਾਏ ਅਦਾ ਕਰਨੇ, ਅਦਾਰੇ ਵਿੱਚ 300 ਨਵੀਆਂ ਬੱਸਾਂ ਪਾਉਣਾ, ਕੋਵਿਡ ਕਾਰਨ ਹੋਏ ਨੁਕਸਾਨ ਬਦਲੇ ਪੀ.ਆਰ.ਟੀ.ਸੀ. ਨੂੰ 250 ਕਰੋੜ ਰੁਪਏ ਦਾ ਮੁਆਵਜਾ ਦੇਣਾ ਆਦਿ ਸਨ। ਕੰਟਰੈਕਟ ਵਰਕਰਾਂ ਨੂੰ ਪੱਕੇ ਕਰਨ ਦਾ ਅਮਲ ਸ਼ੁਰੂ ਕਰਨ ਲਈ ਐਕਸ਼ਨ ਕਮੇਟੀ ਵੱਲੋਂ ਪੀ.ਆਰ.ਟੀ.ਸੀ. ਦੇ ਆਪਣੇ 1981 ਦੇ ਨਿਯਮਾਂ ਤਹਿਤ ਸਿੱਧੇ ਕੰਟਰੈਕਟ ਵਾਲੇ 668 ਵਰਕਰਾਂ ਨੂੰ ਤੁਰੰਤ ਪੱਕੇ ਕਰਨ ਦੀ ਮੰਗ ਕੀਤੀ ਗਈ ਹੈ ਅਤੇ ਉਹਨਾਂ ਦੀ ਜਗਾ ਆਊਟ ਸੋਰਸ ਕਰਮਚਾਰੀਆਂ ਨੂੰ ਸਿੱਧਾ ਠੇਕੇ ਅਧੀਨ ਲਿਆਉਣ ਲਈ ਕਿਹਾ। ਜਿਸਤੇ ਮੰਤਰੀ ਜੀ ਨੇ ਮੈਨੇਜਮੈਂਟ ਨੂੰ ਇਹ ਪੱਖ ਵਿਚਾਰਨ ਦੇ ਆਦੇਸ਼ ਦਿੱਤੇ।ਐਕਸ਼ਨ ਕਮੇਟੀ ਵਲੋਂ ਇਹ ਵੀ ਕਿਹਾ ਗਿਆ ਕਿ ਜੇਕਰ ਪੰਜਾਬ ਸਰਕਾਰ ਵਲੋਂ ਲਿਆਦੇ ਜਾ ਰਹੇ ਕਾਨੂੰਨ ਵਿੱਚ ਸੋਧ ਕਰਕੇ ਕੰਟਰੈਕਟ ਵਰਕਰਾਂ ਨੂੰ ਕੋਈ ਬਿਹਤਰ ਲਾਭ ਦਿੱਤਾ ਗਿਆ ਤਾਂ ਉਸ ਨੂੰ ਲਾਗੂ ਕੀਤਾ ਜਾਵੇ। ਇਸ ਤੇ ਵੀ ਹਾਂ ਪੱਖੀ ਹੁੰਗਾਰਾ ਮਿਲਿਆ। ਕਿਉਂਕਿ ਪੰਜਾਬ ਸਰਕਾਰ ਤੇ ਪੰਜਾਬ ਦੇ ਸਮੁੱਚੇ ਮੁਲਾਜਮਾਂ ਵੱਲੋਂ ਚਲ ਰਹੇ ਜਬਰਦਸਤ ਸੰਘਰਸ਼ ਦਾ ਦਬਾਅ ਅਤੇ 29 ਜੁਲਾਈ ਦੀ ਪਟਿਆਲਾ ਵਿਖੇ ਇੱਕ ਲੱਖ ਤੋਂ ਵੱਧ ਮੁਲਾਜਮਾਂ ਮਜਦੂਰਾਂ ਵੱਲੋਂ ਕੀਤੀ ਗਈ ਇਤਿਹਾਸਕ ਰੈਲੀ ਦਾ ਅਸਰ ਮੁਲਾਜਮ ਮਸਲਿਆਂ ਨੂੰ ਵੇਖ ਰਹੀ ਕੈਬਨਿਟ ਸਬ ਕਮੇਟੀ ਦੀ ਸਰਗਰਮੀ ਤੇ ਸਪਸ਼ਟ ਤੌਰ ਤੇ ਨਜ਼ਰ ਆ ਰਿਹਾ ਹੈ।

ਰੋਜ਼ਾਨਾ ਲੋਕ ਬਾਣੀ



ਏਕਤਾ ਕਲੱਬ ਧਰਮਕੋਟ ਦੇ ਮੈਂਬਰਾਂ ਵੱਲੋਂ ਅੱਜ ਲੁਧਿਆਣਾ ਵਿਖੇ 6 ਯੂਨਿਟ ਖ਼ੂਨਦਾਨ ਕੀਤਾ ਗਿਆ ਸਾਜਨ ਛਾਬਡਾ, ਰਾਜ ਕੁਮਾਰ ਰਾਜੂ , ਸੋਨੂੰ ਵਰਮਾ,ਮਨੀਸ਼ ਟੰਡਨ ਰੁਪਿੰਦਰ ਸਿੰਘ ਕਾਕਾ , ਮਨੀਸ਼ ਕੁਮਾਰ।




ਆਜਾਦੀ ਦਿਹਾੜੇ ਮੌਕੇ ਵਿਸ਼ੇਸ਼ ਸਪਲੀਮੈਂਟ

ਰੋਜਾਨਾ 'ਲੋਕ ਬਾਣੀ' ਅਖਬਾਰ

ਦੁਆਰਾ ਆਜਾਦੀ ਦਿਹਾੜੇ ਮੌਕੇ ਵਿਸ਼ੇਸ਼ ਸਪਲੀਮੈਂਟ

ਵੱਖ ਵੱਖ ਜਿਲ੍ਹੇ, ਕਸਬੇ ਤੋ ਪ੍ਰਕਾਸ਼ਿਤ ਕੀਤੇ ਜਾਣਗੇ ਤੇ ਲੋਕ ਬਾਣੀ ਦੇ ਸਮੂਹ, ਬਿਓਰੋ, ਜਿਲ੍ਹਾ ਇੰਚਾਰਜ, ਪੱਤਰਕਾਰ, ਫੋਟੋਗ੍ਰਾਫਰ ਜਿਨ੍ਹਾਂ ਦਾ ਸਪਲੀਮੈਂਟ ਆਉਣਾ ਹੈ ਉਹ ਛਪਣਯੋਗ ਸਮਗਰੀ ਫੋਟੋਆਂ ਆਦੀ ਮੁੱਖ ਦਫਤਰ ਜਾ ਸਬ-ਅਡਿਟਰ, ਸੰਤੋਸ਼ ਰਾਏ ਤੱਕ ਜਲਦੀ ਤੋਂ ਜਲਦੀ ਪਹੁੰਚਾ ਦੇਣ ਤਾ ਜੋ ਵਧੀਆਂ ਢੰਗ ਨਾਲ ਤੁਹਾਡੇ ਪਾਠਕਾਂ ਤੱਕ ਉਨ੍ਹਾਂ ਦੇ ਸੰਦੇਸ਼ ਪਹੁੰਚ ਸਕਣ ਤੇ ਪ੍ਰਕਾਸ਼ਿਤ ਕੀਤੇ ਜਾਣ, ਵਲੋਂ ਮੈਨੇਜਰ ਰੋਜਾਨਾ ਲੋਕ ਬਾਣੀ ਜਲੰਧਰ।

ਪੰਜਾਬ 0181-2211009

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ

ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)

विधवा, बेसहारा, लाचार प्राणियों की सेवा में

गुरू नानक अनाथ आश्रम एण्ड चैरीटेबल सोसाईटी ( रजि. )

ਫੋਨ : 0181-2413760, ਮੋ. 95018-42008

GURU NANAK ANATH ASHRAM & CHARITABLE SOCIETY (REGD.)

P.N.B. A/C. No. 2205000121070723

ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।

Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111